ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:),ਪੰਜਾਬ , ਐਸ.ਏ.ਐਸ ਨਗਰ।
ਚੌਥੀ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।
(ਵਜੀਫਾ ਸਾਖਾ)

ਵੱਲ,

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ)
ਸਮੂਹ ਸਕੂਲ ਮੁੱਖੀ / ਪ੍ਰਿੰਸੀਪਲ

ਮੀਮੋ ਨੰ: 7/1-2016 ਵਜੀਫਾ(6)
ਮਿਤੀ 9-12-16

ਵਿਸ਼ਾ- **ਪੰਜਾਬ ਰਾਜ ਦੇ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਲਾਭ ਅਤੇ ਸਕੀਮਾ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੀ ਅਤੇ ਪਬਲਿਕ ਦੀ ਸਹੂਲਤ ਲਈ ਸਕੂਲ ਸਿੱਖਿਆ ਵਿਭਾਗ ਦੇ ਵੱਖ-ਵੱਖ ਡਾਇਰੈਕਟੋਰੇਟ ਵਿੱਚ ਚੱਲ ਰਹੀਆਂ ਪ੍ਰੀ ਮੈਟ੍ਰਿਕ ਅਤੇ ਪੋਸਟ ਮੈਟ੍ਰਿਕ ਵਜੀਫਾ ਸਕੀਮਾਂ ਅਧੀਨ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਲਾਭ ਅਤੇ ਹਦਾਇਤ ਨੱਥੀ Booklet ਵਿੱਚ ਦਰਜ ਕੀਤੇ ਗਏ ਹਨ। ਇਹ ਸਾਰੀਆ ਹਦਾਇਤਾਂ ਅਤੇ ਜਾਣਕਾਰੀ ਲਾਭ ਦੇਣ ਵਾਲੀਆ ਨੋਡਲ ਅਜੰਸੀਆਂ ਅਨੁਸਾਰ ਤਿਆਰ ਕੀਤੀ ਗਈ ਹੈ।

ਨੱਥੀ: ਕੁੱਲ 37 ਪੰਨੇ

9/12/16
ਵਿਸੇਸ ਕਾਰਜ ਅਫਸਰ (ਵਜੀਫਾ)

# ਇੱਕ ਝਾਤ

## ਪੰਜਾਬ ਰਾਜ ਦੇ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਲਾਭ ਅਤੇ ਸਕੀਮਾਂ

## ਤਤਕਰਾ


| ਲੜੀ ਨੰ: | ਸਕੀਮ | ਪੰਨਾ ਨੰਬਰ |
|---|---|---|
| ➢ | **ਵਜੀਫਾ ਸਕੀਮਾਂ** | **6-33** |
| | ❖ **ਕੇਂਦਰੀ ਸਪਾਂਸਰਡ ਸਕੀਮਾਂ** | **6-20** |
| **(ੳ)** | **ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਕੇਂਦਰੀ ਸਪਾਂਸਰਡ ਵਜੀਫਾ ਸਕੀਮਾਂ:-** | **6-10** |
| 01 | ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ | 6,7 |
| 02 | ਮਲੀਨ ਕਿੱਤਾ ਕਰਨ ਵਾਲੇ ਮਾਪਿਆਂ ਦੇ ਬੱਚਿਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ | 8 |
| 03 | ਅਨੁਸੂਚਿਤ ਜਾਤੀ ਦੇ 9ਵੀਂ ਅਤੇ 10ਵੀਂ ਜਮਾਤਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ | 9 |
| 04 | ਅਨੁਸੂਚਿਤ ਜਾਤੀ ਦੇ 9ਵੀਂ ਤੋਂ 12ਵੀਂ ਜਮਾਤਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਅਪਗਰੇਡੇਸ੍ਨ ਲਈ ਸਕੀਮ | 10 |
| **(ਅ)** | **ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਕੇਂਦਰ ਸਪਾਂਸਰਡ ਵਜੀਫਾ ਸਕੀਮਾਂ:-** | **11-13** |
| 01 | ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ) | 11,12 |
| 02 | ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ) | 13 |
| **(ੲ)** | **ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਦੀ ਭਲਾਈ ਲਈ 100% ਕੇਂਦਰ ਸਪਾਂਸਰਡ ਸਕਾਲਰਸ਼ਿਪ ਸਕੀਮ (ਮਨਿਓਰਿਟੀ ਸਕਾਲਰਸ਼ਿਪ)** | **14-17** |
| 01 | ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ | 15 |
| 02 | ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ | 16-17 |
| **(ਸ)** | **Ministry of Human Resource Development, New Delhi, ਵੱਲੋਂ ਚਲਾਈਆਂ ਜਾ ਰਹੀਆਂ ਕੇਂਦਰੀ ਸਪਾਂਸਰਡ ਸਕੀਮਾਂ** | **18-20** |
| 01 | ਨੈਸ਼ਨਲ ਮੀਨਜ਼-ਕਮ-ਮੈਰਿਟ ਸਕਾਲਰਸ਼ਿਪ ਸਕੀਮ (NMMS) | 18 |
| 02 | ਨੈਸ਼ਨਲ ਸਕੀਮ ਆਫ ਇੰਸੈਂਟਿਵ ਟੂ ਗਰਲਜ਼ ਫਾਰ ਸੈਕੰਡਰੀ ਐਜੂਕੇਸ਼ਨ (NSIGSE) | 19 |
| 03 | ਕੌਮੀ ਯੋਗਤਾ ਖੋਜ ਪ੍ਰੀਖਿਆ (NTSE) | 20 |
| | ❖ **ਰਾਜ ਸਪਾਂਸਰਡ ਸਕੀਮਾਂ** | ਪੰਨਾ ਨੰ: |
| **(ੳ)** | **ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਰਾਜ ਪੱਧਰੀ ਵਜੀਫਾ ਸਕੀਮਾਂ** | **21-36** |

| | | |
|---|---|---|
| 01 | ਅਨੁਸੂਚਿਤ ਜਾਤੀ ਦੀਆਂ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਵਿਦਿਆਰਥਣਾਂ ਲਈ ਹਾਜਰੀ ਵਜੀਫਾ | 21 |
| 02 | ਅਨੁਸੂਚਿਤ ਜਾਤੀਆਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਦੇਣ ਦੀ ਸਕੀਮ (ਬਲਾਕ ਪੱਧਰ ਤੇ) | 22 |
| 03 | 55-ਅਵਾਰਡ ਟੂ ਐਸ.ਸੀ ਸਪੋਰਟਸ ਸਟੂਡੈਂਟਸ ਨੂੰ ਇਨਾਮ ਦੇਣ ਦੀ ਸਕੀਮ | 23 |
| 04 | ਅਨੁਸੂਚਿਤ ਜਾਤੀ ਦੀਆਂ ਪੋਸਟ ਮੈਟ੍ਰਿਕ ਜਮਾਤਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ ਵਿਸ਼ੇਸ਼ ਵਿੱਤੀ ਸਹਾਇਤਾ ਦੇਣ ਦੀ ਸਕੀਮ (ਸਪੈਸ਼ਲ ਗ੍ਰਾਂਟ ਟੂ ਐਸ.ਸੀ ਗਰਲਜ) | 24 |
| 05 | ਡੀਨੋਟੀਫਾਈਡ ਟਰਾਈਬਜ਼ (ਵਿਮੁਕਤ ਜਾਤੀਆਂ) ਲਈ ਵਜੀਫਾ ਸਕੀਮ | 25 |
| 06 | ਅਨੁਸੂਚਿਤ ਜਾਤੀਆਂ ਦੇ 1 ਤੋਂ 10ਵੀਂ ਜਮਾਤ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਮੁਫਤ ਪੁਸਤਕਾਂ ਸਪਲਾਈ ਕਰਨ ਦੀ ਸਕੀਮ। | 26 |
| 07 | ਐਸ.ਸੀ.ਏ. (ਐਸ)-7 ਅਨੁਸੂਚਿਤ ਜਾਤੀ ਦੀਆਂ ਲੜਕੀਆਂ ਨੂੰ +2 ਦੀ ਪੜ੍ਹਾਈ ਲਈ ਉਤਸਾਹਿਤ ਕਰਨ ਵਜੋਂ ਇਨਾਮ ਦੇਣ ਦੀ ਸਕੀਮ | 26 |
| **(ਅ)** | **ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਰਾਜ ਪੱਧਰੀ ਵਜੀਫਾ ਸਕੀਮਾਂ:-** | **27** |
| 01 | ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀਆਂ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਨੂੰ ਹਾਜਰੀ ਵਜੀਫਾ ਦੇਣ ਦੀ ਸਕੀਮ | 27 |
| **(ੲ)** | **ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਰਾਜ ਪੱਧਰੀ ਵਜੀਫਾ ਸਕੀਮਾਂ:-** | **28-29** |
| 01 | ਪ੍ਰਮੋਸ਼ਨ ਆਫ ਐਜੂਕੇਸ਼ਨ ਅਮੰਗ ਐਜੂਕੇਸ਼ਨਲ ਬੈਕਵਰਡ ਕਲਾਸਿਜ਼ (ਰਾਜ ਵਿਦਿਅਕ ਭਲਾਈ ਸਕੀਮ) | 28 |
| 02 | ਪ੍ਰੀਖਿਆ ਫੀਸਾਂ ਦੀ ਪ੍ਰਤੀਪੂਰਤੀ<br>• ਰਾਜ ਵਿਦਿਅਕ ਭਲਾਈ ਸਕੀਮ ਆਉਂਦੇ ਦਸਵੀਂ ਜਮਾਤ ਦੇ ਐਸ.ਸੀ/ਬੀ.ਸੀ ਵਿਦਿਆਰਥੀਆਂ ਦੀ ਪ੍ਰੀਖਿਆ ਫੀਸਾਂ ਦੀ ਪ੍ਰਤੀਪੂਰਤੀ | 29 |
| **(ਸ)** | **ਰਾਜ ਸਰਕਾਰ ਵੱਲੋਂ ਦਫਤਰ ਸਿੱਖਿਆ ਵਿਭਾਗ ਵਿਖੇ ਚੱਲ ਰਹੀਆਂ ਸਕੀਮਾਂ** | **30-33** |
| 01 | ਡਾ. ਹਰਗੋਬਿੰਦ ਖੁਰਾਨਾ ਸਕਾਲਰਸ਼ਿਪ ਸਕੀਮ ਫਾਰ ਬ੍ਰਿਲੀਐਂਟ ਸਟੂਡੈਂਟਸ | 30 |
| 02 | ਪੰਜਾਬ ਰਾਜ ਨਿਪੁੰਨਤਾ ਖੋਜ ਸਕੀਮ | 31 |
| 03 | ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਵਜੀਫਾ ਸਕੀਮ (ਸਾਲ 2016-17 ਤੋਂ) | 32 |
| 04 | ਪੰਜਾਬ ਬਿਲਡਿੰਗ ਐਂਡ ਅਦਰ ਕੰਨਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਪੰਜੀਕ੍ਰਿਤ ਉਸਾਰੀ ਲਾਭਪਾਤਰੀਆਂ ਦੇ ਬੱਚਿਆਂ ਨੂੰ ਪੜ੍ਹਾਈ ਦੌਰਾਨ ਵਜੀਫਾ ਸਕੀਮ | 33 |
| | ਅਨੁਲੱਗ | ਪੰਨਾ ਨੰਬਰ |
| ❖ | **ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ 10+2 ਪਾਸ ਕਰਨ ਉਪਰੰਤ ਭਾਰਤ ਸਰਕਾਰ/ਰਾਜ ਸਰਕਾਰ/ਸੰਸਥਾਵਾਂ/ਯੂਨੀਵਰਸਿਟੀਆਂ ਅਤੇ ਐਨ.ਜੀ.ਓਜ਼ ਵੱਲੋਂ ਦਿੱਤੇ ਜਾਣ ਵਾਲੇ ਵਜੀਫੇ ਅਤੇ ਸਕੀਮਾਂ** | **34-36** |

| | |
|---|---|
| ❖ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਹੋਰ ਸੇਵਾਵਾਂ/ਸਹੂਲਤਾਂ | 37 |

## ਵਧੇਰੇ ਜਾਣਕਾਰੀ ਲਈ ਹੇਠਾਂ ਦਰਸਾਈਆਂ ਵੈਬਸਾਇਟ ਦੇਖੀਆਂ ਜਾ ਸਕਦੀਆਂ ਹਨ:-

- ਐਸ.ਐਸ.ਏ ਪੰਜਾਬ ਦੀ ਵੈਬਸਾਇਟ **http://www.ssapunjab.org/ scholarships/** ਤੇ **http://epunjabschool.gov.in/**
- ਭਲਾਈ ਵਿਭਾਗ ਦੀ ਵੈਬਸਾਇਟ **http://www.welfarepunjab.gov.in**
- ਮਨਿਸਟਰੀ ਆਫ ਮਨਿਓਰਿਟੀ ਅਫੇਅਰਜ਼ ਦੀ ਵੈਬਸਾਇਟ **www.minorityaffairs.gov.in/**

## ਵੱਖ-ਵੱਖ ਸਕਾਲਰਸਿਪ ਸਕੀਮਾਂ ਲਈ ਚਲਾਏ ਜਾ ਰਹੇ ਪੋਰਟਲ:-

- ਪੋਸਟ ਮੈਟ੍ਰਿਕ ਐਸ.ਸੀ ਅਤੇ ਬੀ.ਸੀ ਸਕੀਮਾਂ ਲਈ ਪੋਰਟਲ:http://punjabscholarships.gov.in/
- ਕੇਂਦਰੀ ਸਕੀਮਾਂ ਲਈ National Scholarship Portal **http://www.scholarships.gov.in/**
- ਪ੍ਰੀ ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਲਈ ਪੋਰਟਲ **http://epunjabschool.gov.in**

**ਨੋਟ:- ਵੱਖ-ਵੱਖ ਪੋਰਟਲ ਤੇ ਉਪਲਬਧ Frequently Asked Questions(FAQs) ਨੂੰ ਜਰੂਰ ਪੜ੍ਹਿਆ ਜਾਵੇ।**

# ਕੇਂਦਰੀ ਸਪਾਂਸਰਡ ਸਕੀਮਾਂ

## (ੳ) ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਕੇਂਦਰੀ ਸਪਾਂਸਰਡ ਵਜੀਫਾ ਸਕੀਮਾਂ:-

1.) **ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ:-**
**(Post Matric Scholarship Scheme for SC Students)**

| ਜਮਾਤ | ਗਰੁੱਪ | ਵਿੱਤੀ ਸਹਾਇਤਾ | |
|---|---|---|---|
| 11ਵੀਂ ਅਤੇ 12ਵੀਂ | IV | 1. ਮੇਨਟੇਨੈਂਸ ਭੱਤਾ (ਰੁ: ਪ੍ਰਤੀ ਮਹੀਨਾ) | |
| | | ਹੋਸਟਲਰ | ਡੇ-ਸਕਾਲਰ |
| | | 380/- | 230/- |
| | | 2. ਨਾਨ-ਰੀਫੰਡੇਬਲ ਕੰਪਲਸਰੀ ਫੀਸ ਅਤੇ ਹੋਰ ਵਾਧੂ ਚਾਰਜ ਦੀ ਪ੍ਰਤੀਪੂਰਤੀ | |
| | | 3. ਨੇਤਰਹੀਨ ਵਿਦਿਆਰਥੀਆਂ ਨੂੰ 160/- ਰੁ: ਪ੍ਰਤੀ ਮਹੀਨਾ ਰੀਡਰ ਚਾਰਜਿਜ਼ (To Blind Students) | |
| ਡੀ.ਐਲ.ਐਡ. ਕੋਰਸ | IV | 1. ਮੇਨਟੇਨੈਂਸ ਭੱਤਾ (ਰੁ: ਪ੍ਰਤੀ ਮਹੀਨਾ) | |
| | | ਹੋਸਟਲਰ | ਡੇ-ਸਕਾਲਰ |
| | | 380/- | 230/- |
| | | 2. ਨਾਨ-ਰੀਫੰਡੇਬਲ ਕੰਪਲਸਰੀ ਫੀਸ ਅਤੇ ਹੋਰ ਵਾਧੂ ਚਾਰਜ ਦੀ ਪ੍ਰਤੀਪੂਰਤੀ | |
| | | 3. ਸਟੱਡੀ ਟੂਰ: ਵੱਧ ਤੋਂ ਵੱਧ 1600 ਰੁਪਏ ਜਿਹਨਾਂ ਵਿੱਚ ਟ੍ਰਾਂਸਪੋਟੇਸ਼ਨ ਚਾਰਜਸ ਸ਼ਾਮਿਲ ਹਨ। ਸਟੱਡੀ ਟੂਰ ਸਬੰਧੀ ਭੁਗਤਾਨ ਤਾਂ ਹੀ ਕੀਤਾ ਜਾਂਦਾ ਹੈ ਜੇਕਰ ਸੰਸਥਾ ਦੇ ਮੁੱਖੀ ਦੁਆਰਾ ਲਿਖਤੀ ਰੂਪ ਵਿੱਚ ਦੱਸਿਆ ਗਿਆ ਹੋਵੇ ਕਿ ਸਟੱਡੀ ਟੂਰ ਡੀ.ਐਲ.ਐਡ. ਕੋਰਸ ਲਈ ਲਾਜ਼ਮੀ ਹੈ। | |
| | | **4. ਅਪੰਗਤਾ ਵਾਲੇ ਸਿੱਖਿਆਰਥੀਆਂ ਲਈ ਵਾਧੂ ਭੱਤਾ** | |
| | | ਅਪੰਗਤਾ ਦੀ ਕਿਸਮ | ਅਲਾਊਂਸ (ਪ੍ਰਤੀ ਮਹੀਨਾ) |
| | | ਨੇਤਰਹੀਣ | 160 (ਰੀਡਰ ਅਲਾਊਂਸ) |
| | | ਅੰਗਹੀਣ | 160 (ਟ੍ਰਾਂਸਪੋਰਟ ਅਲਾਊਂਸ) |
| | | ਸੀਵੀਅਰ ਅੰਗਹੀਣਾਂ ਲਈ | 160 (ਐਸਕੋਰਟ ਅਲਾਊਂਸ) |
| | | ਸੀਵੀਅਰ ਅੰਗਹੀਣਾਂ ਲਈ | 160 (ਹੈਲਪਰ ਨੂੰ ਸਪੈਸ਼ਲ ਪੇਅ) |

**ਯੋਗਤਾ:-**

1. ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।
2. ਵਿਦਿਆਰਥੀ ਦੇ ਮਾਪਿਆਂ ਦੀ ਸਾਲਾਨਾ ਆਮਦਨ 2.50 ਲੱਖ ਰੁਪਏ (ਢਾਈ ਲੱਖ) ਤੋਂ ਵੱਧ ਨਾ ਹੋਵੇ।
3. ਇਸ ਸਕੀਮ ਅਧੀਨ ਲਾਭ ਲੈਣ ਵਾਲੇ ਵਿਦਿਆਰਥੀ ਕੋਈ ਦੂਸਰੀ ਸਕੀਮ ਵਿੱਚ ਲਾਭ ਨਹੀਂ ਲੈ ਸਕਦਾ।
4. ਐਸ.ਸੀ.ਸਿੱਖਿਆਰਥੀ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਕਲੇਮ ਕਰਨ ਲਈ ਲੋੜੀਂਦੇ ਦਸਤਾਵੇਜ਼ਾਂ ਦਾ ਹੋਣਾ ਜ਼ਰੂਰੀ ਹੈ।(ਦਸਵੀਂ ਤੇ ਬਾਹਰਵੀਂ ਦੀ ਮਾਰਕਸ਼ੀਟ,ਡੋਮੀਸਾਈਲ ਸਰਟੀਫਿਕੇਟ, ਬੋਨਾਫਾਈਡ ਸਰਟੀਫਿਕੇਟ, ਆਮਦਨ ਸਬੰਧੀ ਸਰਟੀਫਿਕੇਟ, ਜਾਤੀ ਸਬੰਧੀ ਸਰਟੀਫਿਕੇਟ, ਸੰਸਥਾ ਦੁਆਰਾ ਅਲਾਟਮੈਂਟ ਆਰਡਰ)

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਦੇ ਅੰਬੇਦਕਰ ਪੋਰਟਲ http://punjabscholarships.gov.in/ ਤੇ ਅਪਲਾਈ ਕੀਤਾ ਜਾ ਸਕਦਾ ਹੈ।

## 2.) ਮਲੀਨ ਕਿੱਤਾ ਕਰਨ ਵਾਲੇ ਮਾਪਿਆਂ ਦੇ ਬੱਚਿਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ (Pre Matric Sholarship Scheme for the children whose parents are engaged in uncleaned occupation (1st to 10th)

| ਜਮਾਤ | ਵਿੱਤੀ ਸਹਾਇਤਾ | |
|---|---|---|
| 1 ਤੋਂ 10ਵੀਂ | ਸਕਾਲਰਸ਼ਿਪ ਦੀ ਰਾਸ਼ੀ ਅਤੇ ਅਡਹਾਕ ਗ੍ਰਾਂਟ | |
| | ਡੇ-ਸਕਾਲਰ | |
| | ਵਜੀਫੇ ਦੀ ਰਾਸ਼ੀ ਪ੍ਰਤੀ ਮਹੀਨਾ 10 ਮਹੀਨਿਆਂ ਲਈ | ਅਡਹਾਕ ਗ੍ਰਾਂਟ ਦੀ ਰਾਸ਼ੀ 12 ਮਹੀਨਿਆਂ ਲਈ |
| | 110×10= 1100/- ਰੁ: | 750/- ਰੁ: |
| 3ਜੀ ਤੋਂ 10ਵੀਂ | ਹੋਸਟਲਰ | |
| | ਵਜੀਫੇ ਦੀ ਰਾਸ਼ੀ ਪ੍ਰਤੀ ਮਹੀਨਾ 10 ਮਹੀਨਿਆਂ ਲਈ | ਅਡਹਾਕ ਗ੍ਰਾਂਟ ਦੀ ਰਾਸ਼ੀ 12 ਮਹੀਨਿਆਂ ਲਈ |
| | 700×10= 7000/- ਰੁ: | 1000/- ਰੁ: |

**ਯੋਗਤਾ:-**

1. ਇਹ ਸਕੀਮ 100% ਕੇਂਦਰੀ ਸਪਾਂਸਰਡ Over and above the committed liability of the State i.e. Rs. 64.56 lac ਹੈ। ਇਹ ਸਕੀਮ ਕਿੱਤਾ ਮੁੱਖੀ ਹੈ ਨਾ ਕਿ ਕਿਸੇ ਜਾਤੀ, ਧਰਮ ਜਾਂ ਕੈਟਾਗਰੀ ਤੇ ਆਧਾਰਿਤ ਹੈ।
2. ਇਸ ਸਕੀਮ ਦੇ ਕਿੱਤਾ ਮੁੱਖੀ ਹੋਣ ਕਾਰਣ, ਕੇਵਲ ਉਹ ਹੀ ਵਿਦਿਆਰਥੀ ਲਾਭ ਲੈ ਸਕਦੇ ਹਨ, ਜਿਨ੍ਹਾਂ ਦੇ ਮਾਪਿਆਂ ਦਾ ਕਿੱਤਾ ਮਰੇ ਪਸ਼ੂਆਂ ਦੀਆਂ ਖੱਲਾਂ ਉਤਾਰਨਾ, ਚਮੜਾ ਰੰਗਣਾ, ਵੇਸਟ ਪਿਕਿੰਗ, ਸਫਾਈ ਦੇ ਕੰਮ (ਜੋ ਰਵਾਇਤੀ ਸਕਵੈਂਜਿੰਗ) (Tanner, Flayer, Scavenger, Manholes) ਨਾਲ ਸਬੰਧਤ ਹੋਵੇ ਅਤੇ ਉਹ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ।
3. ਇਸ ਸਕੀਮ ਅਧੀਨ ਕੋਈ ਆਮਦਨ ਹੱਦ ਨਿਸ਼ਚਿਤ ਨਹੀਂ ਹੈ।

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ http://epunjabschool.gov.in/ ਤੇ ਅਪਲਾਈ ਕੀਤਾ ਜਾ ਸਕਦਾ ਹੈ।

3) **ਅਨੁਸੂਚਿਤ ਜਾਤੀ ਦੇ 9ਵੀਂ ਅਤੇ 10ਵੀਂ ਜਮਾਤਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ**
**(Pre Matric Scholarship Scheme for SC Students studying in 9th and 10th class)**

<table>
<tr><th>ਜਮਾਤ</th><th colspan="2">ਵਿੱਤੀ ਸਹਾਇਤਾ</th></tr>
<tr><td rowspan="7">9ਵੀਂ ਤੋਂ 10ਵੀਂ</td><td colspan="2">ਸਕਾਲਰਸ਼ਿਪ ਦੀ ਰਾਸ਼ੀ ਅਤੇ ਐਡਹਾਕ ਗ੍ਰਾਂਟ</td></tr>
<tr><td colspan="2">ਡੇ-ਸੁਕਾਲਰ</td></tr>
<tr><td>ਵਜੀਫੇ ਦੀ ਰਾਸ਼ੀ ਪ੍ਰਤੀ ਮਹੀਨਾ 10 ਮਹੀਨਿਆਂ ਲਈ</td><td>ਸਾਲਾਨਾ ਐਡਹਾਕ ਗ੍ਰਾਂਟ</td></tr>
<tr><td>150×10=1500/- ਰੁ:</td><td>750/- ਰੁ:</td></tr>
<tr><td colspan="2">ਹੋਸਟਲਰ</td></tr>
<tr><td>ਵਜੀਫੇ ਦੀ ਰਾਸ਼ੀ ਪ੍ਰਤੀ ਮਹੀਨਾ 10 ਮਹੀਨਿਆਂ ਲਈ</td><td>ਸਾਲਾਨਾ ਐਡਹਾਕ ਗ੍ਰਾਂਟ</td></tr>
<tr><td>350×10=3500/- ਰੁ:</td><td>1000/- ਰੁ:</td></tr>
</table>

**ਯੋਗਤਾ:-**

1. ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।
2. ਪਰਿਵਾਰ ਦੀ ਸਾਲਾਨਾ ਆਮਦਨ 2.00 ਲੱਖ ਰੁਪਏ (ਦੋ ਲੱਖ ਰੁਪਏ) ਤੋਂ ਵੱਧ ਨਾ ਹੋਵੇ।

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ http://epunjabschool.gov.in/ ਤੇ ਅਪਲਾਈ ਕੀਤਾ ਜਾ ਸਕਦਾ ਹੈ।

4) **ਅਨੁਸੂਚਿਤ ਜਾਤੀ ਦੇ 9ਵੀਂ ਤੋਂ 12ਵੀਂ ਜਮਾਤਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਅਪਗਰੇਡੇਸ਼ਨ ਲਈ ਸਕੀਮ**

**(Upgradation of Merit of SC Students studying in 9th to 12th class)**

| ਜਮਾਤ | ਵਿੱਤੀ ਸਹਾਇਤਾ |
|---|---|
| 9ਵੀਂ ਤੋਂ 12ਵੀਂ | ➢ ਇਸ ਸਕੀਮ ਅਧੀਨ 9ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਵਿਦਿਅਕ ਮਿਆਰ ਨੂੰ ਉੱਚਾ ਚੁੱਕਣ ਲਈ ਵਿਸ਼ਿਆਂ ਦੇ ਮਾਹਿਰਾਂ ਦੁਆਰਾ ਸਪੈਸ਼ਲ ਕੋਚਿੰਗ ਦਿਵਾਈ ਜਾਂਦੀ ਹੈ ਅਤੇ ਵਿਦਿਆਰਥੀਆਂ ਦੀ ਵਿਦਿਅਕ ਕਮਜ਼ੋਰੀ ਨੂੰ ਦੂਰ ਕਰਕੇ ਪ੍ਰੋਫੈਸ਼ਨਲ ਕੋਰਸਾਂ ਅਤੇ ਉਚੇਰੀ ਸਿੱਖਿਆ ਵਿੱਚ ਦਾਖਲੇ ਲਈ ਤਿਆਰ ਕਰਨਾ ਹੈ। ਅਨੁਸੂਚਿਤ ਜਾਤੀਆਂ ਦੀ ਘੱਟ ਪੜ੍ਹੀ ਲਿਖੀ ਆਬਾਦੀ ਵਾਲੇ ਇਲਾਕੇ ਨੂੰ ਤਰਜੀਹ ਦਿੱਤੀ ਜਾਂਦੀ ਹੈ।<br>➢ ਵਿਦਿਆਰਥੀਆਂ ਨੂੰ ਸਪੈਸ਼ਲ ਕੋਚਿੰਗ ਦਿਵਾਉਣ ਸਬੰਧੀ ਸਕੀਮ ਅਧੀਨ 25000/- ਰੁ: ਪ੍ਰਤੀ ਵਿਦਿਆਰਥੀ ਹੇਠ ਲਿਖੇ ਵੇਰਵੇ ਅਨੁਸਾਰ:-<br>• ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਰਿਹਾਇਸ਼ ਅਤੇ ਖੁਰਾਕ ਲਈ 900/- ਰੁ: ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ ਸਾਲ ਵਿੱਚ 10 ਮਹੀਨਿਆਂ ਲਈ ਕੁੱਲ 9000/- ਰੁ: ਦੇਣ ਦਾ ਉਪਬੰਧ ਹੈ।<br>• ਪਾਕਟ ਮਨੀ - 300/- ਰੁ: ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ ਸਾਲ ਵਿੱਚ 10 ਮਹੀਨਿਆਂ ਲਈ ਕੁੱਲ 3000/- ਰੁ: ਪਾਕਟ ਮਨੀ ਦੇਣ ਦਾ ਉਪਬੰਧ ਹੈ।<br>• ਬੁਕਸ ਅਤੇ ਸਟੇਸ਼ਨਰੀ-3000/- ਰੁ: ਪ੍ਰਤੀ ਵਿਦਿਆਰਥੀ ਦੇਣ ਦਾ ਉਪਬੰਧ ਹੈ।<br>➢ ਵਿਸ਼ਾ ਮਾਹਿਰਾਂ ਅਤੇ ਪ੍ਰਿੰਸੀਪਲ ਨੂੰ ਮਾਣਭੱਤਾ-10,000/- ਰੁ: ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਸਾਲ ਵਿੱਚ 10 ਮਹੀਨਿਆਂ ਲਈ ਦੇਣ ਦਾ ਉਪਬੰਧ ਹੈ। |

**ਯੋਗਤਾ:-**

1. ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ।
2. ਵਿਦਿਆਰਥੀ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।
3. ਇਸ ਸਕੀਮ ਅਧੀਨ ਕੋਈ ਆਮਦਨ ਹੱਦ ਨਿਸ਼ਚਿਤ ਨਹੀਂ ਹੈ।

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਯੋਗ ਵਿਦਿਆਰਥੀਆਂ ਦੀ ਤਜਵੀਜ਼ ਦਸਤੀ ਤੌਰ ਤੇ ਮੁੱਖ ਦਫਤਰ ਨੂੰ ਭੇਜੀਆਂ ਜਾਂਦੀਆਂ ਹਨ।

**(ਅ) ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਕੇਂਦਰੀ ਪ੍ਰਾਯੋਜਿਤ ਵਜੀਫਾ ਸਕੀਮਾਂ:-**

1) <u>ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ)</u>

**<u>(Post Matric Scholarship Scheme for OBC Students)</u>**

| ਜਮਾਤ | ਗਰੁੱਪ | ਵਿੱਤੀ ਸਹਾਇਤਾ | |
|---|---|---|---|
| 11ਵੀਂ ਅਤੇ 12ਵੀਂ | ਡੀ | 1. ਮੇਨਟੇਨੈਂਸ ਭੱਤਾ (ਰੁ: ਪ੍ਰਤੀ ਮਹੀਨਾ) | |
| | | ਹੋਸਟਲਰ | ਡੇ-ਸ੍ਕਾਲਰ |
| | | 260/- | 160/- |
| | | 2. ਨਾਨ-ਰੀਫੰਡੇਬਲ ਕੰਪਲਸਰੀ ਫੀਸ ਅਤੇ ਹੋਰ ਵਾਧੂ ਚਾਰਜ ਦੀ ਪ੍ਰਤੀਪੂਰਤੀ | |
| | | 3. ਨੇਤਰਹੀਨ ਵਿਦਿਆਰਥੀਆਂ ਨੂੰ 90/- ਰੁ: ਪ੍ਰਤੀ ਮਹੀਨਾ ਰੀਡਰ ਚਾਰਜਿਜ਼ (To Blind Students) | |
| ਡੀ.ਐਲ.ਐਡ. ਕੋਰਸ | ਡੀ | 1. ਮੇਨਟੇਨੈਂਸ ਭੱਤਾ (ਰੁ: ਪ੍ਰਤੀ ਮਹੀਨਾ) | |
| | | ਹੋਸਟਲਰ | ਡੇ-ਸ੍ਕਾਲਰ |
| | | 260/- | 160/- |
| | | 2. ਨਾਨ-ਰੀਫੰਡੇਬਲ ਕੰਪਲਸਰੀ ਫੀਸ ਅਤੇ ਹੋਰ ਵਾਧੂ ਚਾਰਜ ਦੀ ਪ੍ਰਤੀਪੂਰਤੀ | |
| | | 3. ਸਟੱਡੀ ਟੂਰ: ਵੱਧ ਤੋਂ ਵੱਧ 1600 ਰੁਪਏ ਜਿਹਨਾਂ ਵਿੱਚ ਟ੍ਰਾਂਸਪੋਟੇਸ਼ਨ ਚਾਰਜਸ ਸ਼ਾਮਿਲ ਹਨ। ਸਟੱਡੀ ਟੂਰ ਸਬੰਧੀ ਭੁਗਤਾਨ ਤਾਂ ਹੀ ਕੀਤਾ ਜਾਂਦਾ ਹੈ ਜੇਕਰ ਸੰਸਥਾ ਦੇ ਮੁੱਖੀ ਦੁਆਰਾ ਲਿਖਤੀ ਰੂਪ ਵਿੱਚ ਦੱਸਿਆ ਗਿਆ ਹੋਵੇ ਕਿ ਸਟੱਡੀ ਟੂਰ ਡੀ.ਐਲ.ਐਡ. ਕੋਰਸ ਲਈ ਲਾਜ਼ਮੀ ਹੈ। | |
| | | 4. **ਅਪੰਗਤਾ ਵਾਲੇ ਸਿੱਖਿਆਰਥੀਆਂ ਲਈ ਵਾਧੂ ਭੱਤਾ** | |
| | | ਅਪੰਗਤਾ ਦੀ ਕਿਸਮ | ਅਲਾਊਂਸ (ਪ੍ਰਤੀ ਮਹੀਨਾ) |
| | | ਨੇਤਰਹੀਣ | 160 (ਰੀਡਰ ਅਲਾਊਂਸ) |
| | | ਅੰਗਹੀਣ | 160 (ਟ੍ਰਾਂਸਪੋਰਟ ਅਲਾਊਂਸ) |
| | | ਸੀਵੀਅਰ ਅੰਗਹੀਣਾਂ ਲਈ | 160 (ਐਸਕੋਰਟ ਅਲਾਊਂਸ) |
| | | ਸੀਵੀਅਰ ਅੰਗਹੀਣਾਂ ਲਈ | 160 (ਹੈਲਪਰ ਨੂੰ ਸਪੈਸ਼ਲ ਪੇਅ) |

**ਯੋਗਤਾ:-**

1. ਵਿਦਿਆਰਥੀ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।

2. ਵਿਦਿਆਰਥੀ ਦੇ ਮਾਪਿਆਂ ਦੀ ਸਾਲਾਨਾ ਆਮਦਨ 1.00 ਲੱਖ ਰੁਪਏ (ਇੱਕ ਲੱਖ) ਤੋਂ ਵੱਧ ਨਾ ਹੋਵੇ।
3. ਵਿਦਿਆਰਥੀ ਨੇ ਦਸਵੀਂ ਦੀ ਸਾਲਾਨਾ ਪ੍ਰੀਖਿਆ ਵਿੱਚੋਂ ਘੱਟੋ-ਘੱਟ 60% ਅੰਕ ਪ੍ਰਾਪਤ ਕੀਤੇ ਹੋਣ।
4. ਵਿਦਿਆਰਥੀ ਦੀ ਜਮਾਤ ਵਿੱਚ ਹਾਜ਼ਰੀ ਘੱਟੋ-ਘੱਟ 75% ਹੋਣੀ ਚਾਹੀਦੀ ਹੈ।
5. ਇਸ ਸਕੀਮ ਅਧੀਨ ਲਾਭ ਲੈਣ ਵਾਲੇ ਵਿਦਿਆਰਥੀ ਕੋਈ ਦੂਸਰੀ ਸਕੀਮ ਵਿੱਚ ਲਾਭ ਨਹੀਂ ਲੈ ਸਕਦਾ।
6. ਓ.ਬੀ.ਸੀ. ਸਿੱਖਿਆਰਥੀ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਲੋੜੀਂਦੇ ਦਸਤਾਵੇਜ਼ਾਂ ਦਾ ਹੋਣਾ ਜ਼ਰੂਰੀ ਹੈ।(ਦਸਵੀਂ ਤੇ ਬਾਹਰਵੀਂ ਦੀ ਮਾਰਕਸ਼ੀਟ,ਡੋਮੀਸਾਈਲ ਸਰਟੀਫਿਕੇਟ, ਬੋਨਾਫਾਈਡ ਸਰਟੀਫਿਕੇਟ, ਆਮਦਨ ਸਬੰਧੀ ਸਰਟੀਫਿਕੇਟ, ਜਾਤੀ ਸਬੰਧੀ ਸਰਟੀਫਿਕੇਟ, ਸੰਸਥਾ ਦੁਆਰਾ ਅਲਾਟਮੈਂਟ ਆਰਡਰ,)

ਵਰਕ ਫਲੋ:-

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਦੇ ਅੰਬੇਦਕਰ ਪੋਰਟਲ http://punjabscholarships.gov.in/ ਤੇ ਅਪਲਾਈ ਕੀਤਾ ਜਾ ਸਕਦਾ ਹੈ।

## 2) ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ) (Pre Matric Scholarship Scheme for OBC Students)

| ਜਮਾਤ | ਵਿੱਤੀ ਸਹਾਇਤਾ | | |
|---|---|---|---|
| 1 ਤੋਂ 10ਵੀਂ | ਸਕਾਲਰਸ਼ਿਪ ਦੀ ਰਾਸ਼ੀ ਅਤੇ ਐਡਹਾਕ ਗ੍ਰਾਂਟ | | |
| | ਡੇ-ਸਕਾਲਰ | | |
| | ਜਮਾਤ | ਵਜੀਫੇ ਦੀ ਰਾਸ਼ੀ ਪ੍ਰਤੀ ਮਹੀਨਾ 10 ਮਹੀਨਿਆਂ ਲਈ | ਸਾਲਾਨਾ ਐਡਹਾਕ ਗ੍ਰਾਂਟ |
| | 1 ਤੋਂ 5ਵੀਂ | 25×10=250/- ਰੁ: | 500/- ਰੁ: |
| | 6ਵੀਂ ਤੋਂ 8 ਵੀਂ | 40×10=400/- ਰੁ: | 500/- ਰੁ: |
| | 9ਵੀਂ ਤੋਂ 10ਵੀਂ | 50×10=500/- ਰੁ: | 500/- ਰੁ: |
| | ਹੋਸਟਲਰ | | |
| | ਜਮਾਤ | ਵਜੀਫੇ ਦੀ ਰਾਸ਼ੀ ਪ੍ਰਤੀ ਮਹੀਨਾ 10 ਮਹੀਨਿਆਂ ਲਈ | ਸਾਲਾਨਾ ਐਡਹਾਕ ਗ੍ਰਾਂਟ |
| | ਤੀਸਰੀ ਤੋਂ 8ਵੀਂ | 200×10= 2000/- ਰੁ: | 500/- ਰੁ: |
| | 9ਵੀਂ ਤੋਂ 10ਵੀਂ | 250×10= 2500/- ਰੁ: | 500/- ਰੁ: |

**ਯੋਗਤਾ:-**

1. ਵਿਦਿਆਰਥੀ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।
2. ਇਸ ਸਕੀਮ ਅਧੀਨ ਉਹ ਵਿਦਿਆਰਥੀ ਹੀ ਲਾਭ ਲੈ ਸਕਦੇ ਹਨ, ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 44,500/- ਰੁ: ਤੋਂ ਵੱਧ ਨਾ ਹੋਵੇ।
3. ਵਿਦਿਆਰਥੀ ਸਰਕਾਰੀ ਅਤੇ ਸਰਕਾਰੀ ਮਾਨਤਾ ਪ੍ਰਾਪਤ ਸਕੂਲਾਂ ਵਿੱਚੋਂ 1 ਤੋਂ 10ਵੀਂ ਜਮਾਤ ਦਾ ਰੈਗੂਲਰ ਵਿਦਿਆਰਥੀ ਹੋਵੇ।

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ http://epunjabschool.gov.in/ ਤੇ ਅਪਲਾਈ ਕੀਤਾ ਜਾ ਸਕਦਾ ਹੈ।

## (ੲ) <u>ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਦੀ ਭਲਾਈ ਲਈ 100% ਕੇਂਦਰੀ ਸਪਾਂਸਰਡ ਸਕਾਲਰਸ਼ਿਪ ਸਕੀਮ (ਮਨਿਓਰਿਟੀ ਸਕਾਲਰਸ਼ਿਪ)</u>
## <u>(Scholarship Scheme for Students belonging to Minority Communities)</u>

ਇਸ ਸਕੀਮ ਅਧੀਨ ਪੰਜਾਬ ਸਕੂਲ ਸਿੱਖਿਆ ਬੋਰਡ, ਸੀ.ਬੀ.ਐਸ.ਈ, ਆਈ.ਸੀ.ਐਸ.ਈ ਬੋਰਡ ਨਾਲ ਐਫੀਲੇਟਿਡ ਸਰਕਾਰੀ/ਮਾਨਤਾ ਪ੍ਰਾਪਤ/ਪ੍ਰਾਈਵੇਟ ਸਕੂਲਾਂ/ਸੰਸਥਾਵਾਂ ਪਾਸੋਂ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਇਸਾਈ, ਬੋਧੀ, ਪਾਰਸੀ ਅਤੇ ਜੈਨ) ਨਾਲ ਸਬੰਧਤ 1 ਤੋਂ 12ਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵਜੀਫਾ ਦਿੱਤਾ ਜਾਂਦਾ ਹੈ।

1. ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪ੍ਰੀ -ਮੈਟ੍ਰਿਕ ਸਕਾਲਰਸ਼ਿਪ ਸਕੀਮ (1 ਤੋਂ 10ਵੀਂ ਜਮਾਤਾਂ ਲਈ)

2. ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪੋਸਟ -ਮੈਟ੍ਰਿਕ ਸਕਾਲਰਸ਼ਿਪ ਸਕੀਮ (11ਵੀਂ ਅਤੇ 12ਵੀਂ ਜਮਾਤਾਂ ਲਈ)

24/

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ <u>http://www.ssapunjab.org/scholarships/</u> ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ <u>http://scholarships.gov.in/</u>ਤੇ ਅਪਲਾਈ ਕੀਤਾ ਜਾ ਸਕਦਾ ਹੈ।

## 1) ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪ੍ਰੀ -ਮੈਟ੍ਰਿਕ ਸਕਾਲਰਸ਼ਿਪ ਸਕੀਮ

**(Pre Matric Scholarship Scheme for Students belonging to Minority Communities)**

<table>
<tr><th>ਜਮਾਤ</th><th colspan="3">ਵਿੱਤੀ ਸਹਾਇਤਾ</th></tr>
<tr><td rowspan="9">1 ਤੋਂ 10ਵੀਂ</td><td colspan="3">ਦਾਖਲਾ ਫੀਸ ਅਤੇ ਟਿਊਸ਼ਨ ਫੀਸ</td></tr>
<tr><td>ਜਮਾਤ</td><td>ਹੋਸਟਲਰ</td><td>ਡੇ-ਸਕਾਲਰ</td></tr>
<tr><td>6ਵੀਂ ਤੋਂ 10ਵੀਂ (ਦਾਖਲਾ ਫੀਸ)</td><td>ਅਸਲ ਜਾਂ ਵੱਧ ਤੋਂ ਵੱਧ 500/- ਰੁ: ਸਾਲਾਨਾ</td><td>ਅਸਲ ਜਾਂ ਵੱਧ ਤੋਂ ਵੱਧ 500/- ਰੁ: ਸਾਲਾਨਾ</td></tr>
<tr><td>6ਵੀਂ ਤੋਂ 10ਵੀਂ (ਟਿਊਸ਼ਨ ਫੀਸ)</td><td>ਅਸਲ ਜਾਂ ਵੱਧ ਤੋਂ ਵੱਧ 350/- ਰੁ: ਪ੍ਰਤੀ ਮਹੀਨਾ</td><td>ਅਸਲ ਜਾਂ ਵੱਧ ਤੋਂ ਵੱਧ 350/- ਰੁ: ਪ੍ਰਤੀ ਮਹੀਨਾ</td></tr>
<tr><td colspan="3">ਮੇਨਟੇਨੈਂਸ ਅਲਾਓਂਸ (ਭੱਤਾ) ਇੱਕ ਵਿਦਿਅਕ ਸੈਸ਼ਨ ਵਿੱਚ ਵੱਧ ਤੋਂ ਵੱਧ 10 ਮਹੀਨਿਆਂ ਲਈ ਦਿੱਤਾ ਜਾਵੇਗਾ</td></tr>
<tr><td>ਜਮਾਤ</td><td>ਹੋਸਟਲਰ</td><td>ਡੇ-ਸਕਾਲਰ</td></tr>
<tr><td>1 ਤੋਂ 5ਵੀਂ</td><td>ਨਿੱਲ</td><td>100/- ਰੁ: ਪ੍ਰਤੀ ਮਹੀਨਾ</td></tr>
<tr><td>6ਵੀਂ ਤੋਂ 10ਵੀਂ</td><td>ਅਸਲ ਜਾਂ ਵੱਧ ਤੋਂ ਵੱਧ 600/- ਰੁ: ਪ੍ਰਤੀ ਮਹੀਨਾ</td><td>100/- ਰੁ: ਪ੍ਰਤੀ ਮਹੀਨਾ</td></tr>
</table>

**ਯੋਗਤਾ:-**

1. ਵਿਦਿਆਰਥੀ ਘੱਟ ਗਿਣਤੀ ਵਰਗ ਨਾਲ ਸਬੰਧਤ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।
2. ਵਿਦਿਆਰਥੀਆਂ ਨੇ ਪੂਰਵਲੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 50% ਅੰਕ ਪ੍ਰਾਪਤ ਕੀਤੇ ਹੋਣ।
3. ਵਿਦਿਆਰਥੀਆਂ ਦੇ ਮਾਪਿਆਂ ਦੀ ਸਾਲਾਨਾ ਆਮਦਨ 1.00 ਲੱਖ ਰੁਪਏ (ਇੱਕ ਲੱਖ ਰੁਪਏ) ਤੋਂ ਵੱਧ ਨਾ ਹੋਵੇ।
4. ਇਸ ਸਕੀਮ ਅਧੀਨ ਲਾਭ ਲੈਣ ਵਾਲੇ ਵਿਦਿਆਰਥੀ ਕੋਈ ਦੂਸਰੀ ਸਕੀਮ ਵਿੱਚ ਲਾਭ ਨਹੀਂ ਲੈ ਸਕਦਾ।
5. ਇੱਕ ਪਰਿਵਾਰ ਦੇ ਦੋ ਤੋਂ ਵੱਧ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਨਹੀਂ ਦਿੱਤਾ ਜਾਵੇਗਾ।
6. ਵਿਦਿਆਰਥੀ ਰੈਗੂਲਰ ਤੌਰ ਤੇ ਪੜ੍ਹ ਰਿਹਾ ਹੋਵੇ।
7. ਸਕੂਲ ਮੁੱਖੀ ਬੈਪਟਿਜ਼ਮ ਸਰਟੀਫਿਕੇਟ ( Baptism Certificate) ਦੀ ਮੰਗ ਕਰ ਸਕਦਾ ਹੈ।

## 2) ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਪੋਸਟ -ਮੈਟ੍ਰਿਕ ਸਕਾਲਰਸ਼ਿਪ ਸਕੀਮ (Post Matric Scholarship Scheme for Students belonging to Minority Communities)

| ਜਮਾਤ | ਵਿੱਤੀ ਸਹਾਇਤਾ | |
|---|---|---|
| 11ਵੀਂ ਅਤੇ 12ਵੀਂ | 1. ਦਾਖਲਾ ਫੀਸ ਅਤੇ ਟਿਊਸ਼ਨ ਫੀਸ | |
| | **ਹੋਸਟਲਰ** | **ਡੇ-ਸਕਾਲਰ** |
| | ਅਸਲ ਜਾਂ ਵੱਧ ਤੋਂ ਵੱਧ 7000/- ਰੁ: ਸਾਲਾਨਾ | ਅਸਲ ਜਾਂ ਵੱਧ ਤੋਂ ਵੱਧ 7000/- ਰੁ: ਸਾਲਾਨਾ |
| | 2. ਤਕਨੀਕੀ ਵੋਕੇਸ਼ਨਲ ਜਮਾਤਾਂ ਵਾਸਤੇ ਦਾਖਲਾ ਅਤੇ ਟਿਊਸ਼ਨ/ਕੋਰਸ ਫੀਸ (ਸਮੇਤ ਪੜ੍ਹਾਈ ਦੀ ਸਮੱਗਰੀ ਦਾ ਖਰਚਾ) | |
| | **ਹੋਸਟਲਰ** | **ਡੇ-ਸਕਾਲਰ** |
| | ਅਸਲ ਜਾਂ ਵੱਧ ਤੋਂ ਵੱਧ 10000/- ਰੁ: ਸਾਲਾਨਾ | ਅਸਲ ਜਾਂ ਵੱਧ ਤੋਂ ਵੱਧ 10000/- ਰੁ: ਸਾਲਾਨਾ |
| | 3. ਤਕਨੀਕੀ ਵੋਕੇਸ਼ਨਲ ਕੋਰਸ ਮੇਨਟੇਨੈਂਸ ਅਲਾਓਂਸ (ਭੱਤਾ) ਇੱਕ ਵਿਦਿਅਕ ਸੈਸ਼ਨ ਵਿੱਚ ਵੱਧ ਤੋਂ ਵੱਧ 10 ਮਹੀਨਿਆਂ ਲਈ (ਸਮੇਤ ਪੜ੍ਹਾਈ ਦੀ ਸਮੱਗਰੀ ਦਾ ਖਰਚਾ) | |
| | **ਹੋਸਟਲਰ** | **ਡੇ-ਸਕਾਲਰ** |
| | 380/- ਰੁ: ਪ੍ਰਤੀ ਮਹੀਨਾ | 230/- ਰੁ: ਪ੍ਰਤੀ ਮਹੀਨਾ |
| ਡੀ.ਐਲ.ਐਡ. ਕੋਰਸ | 1. ਦਾਖਲਾ ਫੀਸ ਅਤੇ ਟਿਊਸ਼ਨ ਫੀਸ | |
| | **ਹੋਸਟਲਰ** | **ਡੇ-ਸਕਾਲਰ** |
| | ਅਸਲ ਜਾਂ ਵੱਧ ਤੋਂ ਵੱਧ 3000/- ਰੁ: ਸਾਲਾਨਾ | ਅਸਲ ਜਾਂ ਵੱਧ ਤੋਂ ਵੱਧ 3000/- ਰੁ: ਸਾਲਾਨਾ |
| | 2. ਮੇਨਟੇਨੈਂਸ ਅਲਾਓਂਸ (ਭੱਤਾ) ਇੱਕ ਵਿਦਿਅਕ ਸੈਸ਼ਨ ਵਿੱਚ ਵੱਧ ਤੋਂ ਵੱਧ 10 ਮਹੀਨਿਆਂ ਲਈ (ਸਮੇਤ ਪੜ੍ਹਾਈ ਦੀ ਸਮੱਗਰੀ ਦਾ ਖਰਚਾ) | |
| | **ਹੋਸਟਲਰ** | **ਡੇ-ਸਕਾਲਰ** |
| | 570/- ਰੁ: ਪ੍ਰਤੀ ਮਹੀਨਾ | 300/- ਰੁ: ਪ੍ਰਤੀ ਮਹੀਨਾ |

ਯੋਗਤਾ:-

1. ਵਿਦਿਆਰਥੀ ਘੱਟ ਗਿਣਤੀ ਵਰਗ ਨਾਲ ਸਬੰਧਤ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।
2. ਵਿਦਿਆਰਥੀਆਂ ਨੇ ਪੂਰਵਲੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 50% ਅੰਕ ਪ੍ਰਾਪਤ ਕੀਤੇ ਹੋਣ।
3. ਵਿਦਿਆਰਥੀਆਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.00 ਲੱਖ ਰੁਪਏ (ਦੋ ਲੱਖ ਰੁ:) ਤੋਂ ਵੱਧ ਨਾ ਹੋਵੇ।
4. ਇਸ ਸਕੀਮ ਅਧੀਨ ਲਾਭ ਲੈਣ ਵਾਲੇ ਵਿਦਿਆਰਥੀ ਕੋਈ ਦੂਸਰੀ ਸਕੀਮ ਵਿੱਚ ਲਾਭ ਨਹੀਂ ਲੈ ਸਕਦਾ।
5. ਇੱਕ ਪਰਿਵਾਰ ਦੇ ਦੋ ਤੋਂ ਵੱਧ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਨਹੀਂ ਦਿੱਤਾ ਜਾਵੇਗਾ।
6. ਵਿਦਿਆਰਥੀ ਰੈਗੂਲਰ ਤੌਰ ਤੇ ਪੜ੍ਹ ਰਿਹਾ ਹੋਵੇ।
7. ਸਕੂਲ ਮੁੱਖੀ ਬੈਪਟਿਜ਼ਮ ਸਰਟੀਫਿਕੇਟ ( Baptism Certificate) ਦੀ ਮੰਗ ਕਰ ਸਕਦਾ ਹੈ।

## Ministry of Human Resource Development, New Delhi, ਵੱਲੋਂ ਚਲਾਈਆਂ ਜਾ ਰਹੀਆਂ ਕੇਂਦਰੀ ਸਪਾਂਸਰਡ ਸਕੀਮਾਂ

### 1) ਨੈਸ਼ਨਲ ਮੀਨਜ਼-ਕਮ-ਮੈਰਿਟ ਸਕਾਲਰਸ਼ਿਪ ਸਕੀਮ (ਐਨ.ਐਮ.ਐਮ.ਐਸ.ਐਸ) (National Means cum Merit Scholarship Scheme)

| ਜਮਾਤ | ਵਿੱਤੀ ਸਹਾਇਤਾ |
|---|---|
| 9ਵੀਂ ਤੋਂ 12ਵੀਂ | 6000/- ਰੁ: ਸਾਲਾਨਾ |

ਯੋਗਤਾ:-

1. ਇਹ ਸਕੀਮ ਟੈਸਟ ਆਧਾਰਿਤ ਹੈ। ਇਹ ਸਕੀਮ ਸਰਕਾਰੀ, ਸਰਕਾਰੀ ਏਡਿਡ ਅਤੇ ਲੋਕਲ ਬੋਡੀਜ਼ ਸਕੂਲਾਂ ਵਿੱਚ ਲਾਗੂ ਹੈ।ਇਸ ਸਕੀਮ ਅਧੀਨ 9ਵੀਂ ਤੋਂ 12ਵੀਂ ਜਮਾਤ ਤੱਕ ਰੈਗੂਲਰ ਪੜ੍ਹਦੇ ਵਿਦਿਆਰਥੀਆਂ ਨੂੰ ਵਜੀਫਾ ਦਿੱਤਾ ਜਾਂਦਾ ਹੈ।
2. ਉਹ ਵਿਦਿਆਰਥੀ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਹੱਦ 1,50,000/- ਰੁ: (ਡੇਢ ਲੱਖ) ਜਾਂ ਇਸ ਤੋਂ ਘੱਟ ਹੋਵੇ।
3. ਉਹ ਵਿਦਿਆਰਥੀ ਜਿੰਨ੍ਹਾਂ ਨੇ 7ਵੀਂ ਜਮਾਤ ਵਿੱਚੋਂ ਜਨਰਲ ਕੈਟਾਗਰੀ 55% ਅੰਕ ਅਤੇ ਰਾਖਵੀਂ ਸ਼੍ਰੇਣੀ 50% ਅੰਕ ਪ੍ਰਾਪਤ ਕੀਤੇ ਹੋਣ, ਇਸ ਪ੍ਰੀਖਿਆ ਵਿੱਚ ਭਾਗ ਲੈ ਸਕਦੇ ਹਨ।
4. ਇਸ ਪ੍ਰੀਖਿਆ ਵਿੱਚ ਭਾਗ ਲੈਣ ਉਪਰੰਤ ਪ੍ਰੀਖਿਆ ਵਿੱਚ ਜਨਰਲ ਕੈਟਾਗਰੀ ਦੇ ਵਿਦਿਆਰਥੀ ਜਿੰਨਾ ਨੇ 40% ਅੰਕ ਪ੍ਰਾਪਤ ਕੀਤੇ ਹੋਣ ਅਤੇ ਰਾਖਵੀਂ ਸ੍ਰੇਣੀ ਦੇ ਵਿਦਿਆਰਥੀ ਜਿੰਨਾ ਨੇ 32% ਅੰਕ ਪ੍ਰਾਪਤ ਕੀਤੇ ਹੋਣ , ਨੂੰ ਹਰ ਕੈਟਾਗਿਰੀ ਲਈ ਮੈਰਿਟ ਸੂਚੀ ਬਣਾ ਕੇ ਵਜੀਫਾ ਦਿੱਤਾ ਜਾਂਦਾ ਹੈ।
5. ਇਸ ਸਕੀਮ ਅਧੀਨ ਲਾਭ ਲੈਣ ਵਾਲੇ ਵਿਦਿਆਰਥੀ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਕਿਸੇ ਹੋਰ ਵਿੱਚ ਲਾਭ ਨਹੀਂ ਲੈ ਸਕਦੇ।

ਵਰਕ ਫਲੋ:-

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ http://epunjabschool.gov.in/ ਤੇ ਅਪਲਾਈ ਕੀਤਾ ਜਾ ਸਕਦਾ ਹੈ।

## 2) ਨੈਸ਼ਨਲ ਸਕੀਮ ਆਫ ਇੰਸੈਂਟਿਵ ਟੂ ਗਰਲਜ਼ ਫਾਰ ਸੈਕੰਡਰੀ ਐਜੂਕੇਸ਼ਨ (ਐਨ.ਐਸ.ਆਈ.ਜੀ.ਐਸ.ਈ)

**(National Scheme of Incentive to Girls for Secondary Education)**

| ਜਮਾਤ | ਵਿੱਤੀ ਸਹਾਇਤਾ |
|---|---|
| 9ਵੀਂ ਜਮਾਤ | 3000/- ਰੁ: ਸਾਲਾਨਾ |

ਯੋਗਤਾ:-

1. ਇਸ ਸਕੀਮ ਅਧੀਨ ਐਸ.ਸੀ/ਐਸ.ਟੀ ਵਰਗ ਨਾਲ ਸਬੰਧਤ ਲੜਕੀਆਂ ਨੂੰ ਪੜ੍ਹਾਈ ਲਈ ਉਤਸਾਹਿਤ ਕਰਨ ਅਤੇ ਸਕੂਲ ਛੱਡਣ ਦੀ ਦਰ ਨੂੰ ਘਟਾਉਣ ਲਈ ਵਜੀਫਾ ਦਿੱਤਾ ਜਾਂਦਾ ਹੈ।
2. ਇਸ ਸਕੀਮ ਅਧੀਨ Govt. ,Govt. Aided and local bodies schools **ਵਿੱਚ** SC/ST ਅਤੇ KGBV ਸਕੂਲਾਂ ਵਿੱਚ 8ਵੀ ਵਿੱਚੋਂ ਪਾਸ ਹੋਈਆਂ non SC/ST ਵਿਦਿਆਰਥਣਾਂ 10ਵੀ ਪਾਸ ਕਰਨ /18 ਸਾਲ ਦੀ ਉਮਰ ਪੂਰੀ ਕਰਨ ਤੇ ਵਜੀਫਾ ਲੈਣ ਦੇ ਯੋਗ ਹਨ।
3. ਇਸ ਸਕੀਮ ਅਧੀਨ ਕੋਈ ਆਮਦਨ ਹੱਦ ਨਹੀਂ ਹੈ।

ਵਰਕ ਫਲੋ:-

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ http://epunjabschool.gov.in/ ਤੇ ਅਪਲਾਈ ਕੀਤਾ ਜਾ ਸਕਦਾ ਹੈ।

## 3) ਕੌਮੀ ਯੋਗਤਾ ਖੋਜ ਪ੍ਰੀਖਿਆ
## (National Talent Search Exam) (NTSE)

| ਜਮਾਤ | ਵਿੱਤੀ ਸਹਾਇਤਾ |
|---|---|
| 10ਵੀ ਵਿੱਚ ਪੜ੍ਹਦੇ ਵਿਦਿਆਰਥੀ | ਜਮਾਤ 11ਵੀ ਅਤੇ 12ਵੀ ਤੱਕ 1250/-ਰੁ: ਪ੍ਰਤੀ ਮਹੀਨਾ |

**ਯੋਗਤਾ:-**

ਇਹ ਪ੍ਰੀਖਿਆ ਦੋ ਪੱਧਰੀ ਹੁੰਦੀ ਹੈ:-

1. ਰਾਜ ਪੱਧਰ
2. ਕੌਮੀ ਪੱਧਰ

ਰਾਜ ਪੱਧਰੀ ਪ੍ਰੀਖਿਆ ਰਾਜ ਸਾਇੰਸ ਸਿੱਖਿਆ ਸੰਸਥਾ (SISE Punjab) ਵੱਲੋਂ ਜਿਲਾ ਹੈਡਕੁਆਟਰ ਤੇ ਅਯੋਜਿਤ ਕੀਤੀ ਜਾਂਦੀ ਹੈ। ਇਸ ਪ੍ਰੀਖਿਆ ਵਿੱਚ ਉਹ ਵਿਦਿਆਰਥੀ ਭਾਗ ਲੈ ਸਕਦੇ ਹਨ, ਜੋ ਵਿਦਿਆਰਥੀ ਪੰਜਾਬ ਰਾਜ ਵਿੱਚ ਸਥਿਤ ਸਰਕਾਰੀ/ ਏਡਿਡ/ ਮਾਨਤਾ ਪ੍ਰਾਪਤ , ਕੇਂਦਰੀ ਵਿਦਿਆਲੇ, ਨਵੋਦਿਆ ਵਿਦਿਆਲੇ ਸਕੂਲ ਵਿੱਚ 10ਵੀ ਸ੍ਰੇਣੀ ਵਿੱਚ ਪੜ੍ਹਦੇ ਹਨ ਅਤੇ ਜਿੰਨਾ ਨੇ 9ਵੀ ਸ੍ਰੇਣੀ ਦੀ ਸਾਲਾਨਾ ਪ੍ਰੀਖਿਆ ਵਿੱਚ 70% ਅੰਕ (ਜਨਰਲ ਕੈਟਾਗਿਰੀ) ਅਤੇ 55% ਅੰਕ (ਰਾਖਵੀਂਆਂ ਸ੍ਰੇਣੀਆਂ) ਪ੍ਰਾਪਤ ਕੀਤੇ ਹੋਣ।

ਜੋ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਸਫਲ ਹੁੰਦੇ ਹਨ , ਉਹਨਾਂ ਦੀ NCERT ਨਵੀ ਦਿੱਲੀ ਵੱਲੋਂ ਮਈ ਮਹੀਨੇ ਦੇ ਪਹਿਲੇ ਜਾਂ ਦੂਜੇ ਐਤਵਾਰ ਮੁੜ ਪ੍ਰੀਖਿਆ ਲਈ ਜਾਂਦੀ ਹੈ।ਦੂਜੇ ਪੱਧਰ ਦੀ ਪ੍ਰੀਖਿਆ ਵਿੱਚ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ NCERT ਨਵੀ ਦਿੱਲੀ ਵੱਲੋਂ ਵਜੀਫਾ ਦਿੱਤਾ ਜਾਂਦਾ ਹੈ।

ਇਸ ਪ੍ਰੀਖਿਆ ਦਾ ਉਦੇਸ ਦਸਵੀਂ ਜਮਾਤ ਵਿੱਚ ਪੜ੍ਹਦੇ ਹੋਣਹਾਰ ਵਿਦਿਆਰਥੀਆਂ ਨੂੰ ਵਿੱਤੀ ਲਾਭ ਦੇ ਕੇ ਉਚੇਰੀ ਸਿੱਖਿਆ ਵੱਲ ਪ੍ਰੇਰਿਤ ਅਤੇ ਉਤਸਾਹਿਤ ਕਰਨਾ ਹੈ।

# (II) ਰਾਜ ਸਪਾਂਸਰਡ ਸਕੀਮਾਂ

## (ੳ) ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਰਾਜ ਪੱਧਰੀ ਵਜੀਫਾ ਸਕੀਮਾਂ:-

1) **ਅਨੁਸੂਚਿਤ ਜਾਤੀ ਦੀਆਂ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਵਿਦਿਆਰਥਣਾਂ ਲਈ ਹਾਜਰੀ ਵਜੀਫਾ**
**(Attendance Scholarship for SC primary Girl Students)**

| ਜਮਾਤ | ਵਿੱਤੀ ਸਹਾਇਤਾ |
|---|---|
| 1 ਤੋਂ 5ਵੀਂ | 50/- ਰੁ: ਪ੍ਰਤੀ ਮਹੀਨਾ<br>50×10=500/- ਰੁ: (10 ਮਹੀਨਿਆਂ ਲਈ) |

**ਯੋਗਤਾ:-**

1. ਇਸ ਸਕੀਮ ਅਧੀਨ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਿਆਰਥਣਾਂ ਨੂੰ ਵਜੀਫਾ ਦਿੱਤਾ ਜਾਂਦਾ ਹੈ।
2. ਵਿਦਿਆਰਥਣ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੀ ਹੋਵੇ ਅਤੇ ਪੰਜਾਬ ਰਾਜ ਦੀ ਵਸਨੀਕ ਹੋਵੇ।
3. ਵਿਦਿਆਰਥਣ ਦੇ ਮਾਪਿਆਂ ਪਾਸ ਪੰਜ ਏਕੜ ਤੋਂ ਵੱਧ ਵਾਹੀ ਯੋਗ ਜਮੀਨ ਨਾ ਹੋਵੇ ਅਤੇ ਆਮਦਨ ਟੈਕਸ ਅਦਾ ਨਾ ਕਰਦੇ ਹੋਣ।
4. ਵਿਦਿਆਰਥਣ ਦੀ ਹਾਜਰੀ ਘੱਟੋ-ਘੱਟ 75% ਹੋਵੇ।

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ http://epunjabschool.gov.in/ ਤੇ ਅਪਲਾਈ ਕੀਤਾ ਜਾ ਸਕਦਾ ਹੈ।

## 2) ਅਨੁਸੂਚਿਤ ਜਾਤੀਆਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਦੇਣ ਦੀ ਸਕੀਮ (ਬਲਾਕ ਪੱਧਰ ਤੇ) (Award to Brilliant SC Students)

| ਜਮਾਤ | ਵਿੱਤੀ ਸਹਾਇਤਾ |
|---|---|
| 6 ਤੋਂ 10ਵੀਂ | 100/- ਰੁ : ਪ੍ਰਤੀ ਮਹੀਨਾ |

**ਯੋਗਤਾ:-**

1. ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।
2. ਇਸ ਸਕੀਮ ਅਧੀਨ 5ਵੀਂ , 8ਵੀਂ ਤੇ 10ਵੀਂ ਜਮਾਤ ਵਿੱਚ ਹਰ ਵਿਦਿਅਕ ਬਲਾਕ ਪੱਧਰ ਤੇ ਪਹਿਲੀ, ਦੂਜੀ ਅਤੇ ਤੀਜੀ ਪੁਜ਼ੀਸ਼ਨ ਹਾਸਲ ਕਰਨ ਵਾਲੇ 3 ਲੜਕੇ ਅਤੇ 3 ਲੜਕੀਆਂ ਲਾਭ ਲੈਣ ਦੇ ਯੋਗ ਹਨ।
3. ਇਸ ਸਕੀਮ ਅਧੀਨ ਕੋਈ ਆਮਦਨ ਹੱਦ ਨਹੀਂ ਹੈ।

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਯੋਗ ਵਿਦਿਆਰਥੀਆਂ ਦੀ ਤਜਵੀਜ ਦਸਤੀ ਤੌਰ ਤੇ ਮੁੱਖ ਦਫਤਰ ਨੂੰ ਭੇਜੀਆਂ ਜਾਂਦੀਆਂ ਹਨ।

3) <u>55-ਅਵਾਰਡ ਟੂ ਐਸ.ਸੀ ਸਪੋਰਟਸ ਸਟੂਡੈਂਟਸ ਨੂੰ ਇਨਾਮ ਦੇਣ ਦੀ ਸਕੀਮ</u>
**<u>(55-Award to SC Sports Students)</u>**

<table>
<tr><th>ਜਮਾਤ</th><th colspan="2">ਵਿੱਤੀ ਸਹਾਇਤਾ</th></tr>
<tr><td rowspan="5">6ਵੀਂ ਤੋਂ 12ਵੀਂ</td><td colspan="2">ਅਵਾਰਡ ਦੀ ਰਾਸ਼ੀ:-<br>ਵਿਦਿਆਰਥੀਆਂ ਨੂੰ 6ਵੀਂ ਤੋਂ 8ਵੀਂ,9ਵੀਂ ਅਤੇ 10ਵੀਂ ਅਤੇ 11ਵੀਂ ਅਤੇ 12ਵੀਂ ਜਮਾਤਾਂ ਵਿੱਚ ਪੜ੍ਹਨ ਸਮੇਂ ਕ੍ਰਮਵਾਰ 3 ਸਾਲਾਂ, 2 ਸਾਲਾਂ ਅਤੇ 2 ਸਾਲਾਂ ਲਈ ਹੇਠ ਲਿਖੇ ਅਨੁਸਾਰ ਅਵਾਰਡ ਦਿੱਤਾ ਜਾਂਦਾ ਹੈ:-</td></tr>
<tr><td>ਪੱਧਰ</td><td>ਅਵਾਰਡ ਦੀ ਰਾਸ਼ੀ (ਪ੍ਰਤੀ ਸਾਲ)</td></tr>
<tr><td>ਪ੍ਰਾਇਮਰੀ</td><td>500/- ਰੁ:</td></tr>
<tr><td>ਮਿਡਲ</td><td>750/- ਰੁ:</td></tr>
<tr><td>ਸੀਨੀਅਰ ਸੈਕੰਡਰੀ</td><td>1000/-ਰੁ:</td></tr>
</table>

**ਯੋਗਤਾ:-**

1. ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।
2. ਵਿਦਿਆਰਥੀ ਜਿਨ੍ਹਾਂ ਨੇ ਕਬੱਡੀ, ਖੋ-ਖੋ, ਐਥਲੈਟਿਕਸ (ਹਾਈ ਜੰਪ, ਲਾਂਗ ਜੰਪ, 100 ਮੀਟਰ ਸਪਰਿੰਟ, 400 ਮੀਟਰ ਸਪਰਿੰਟ), ਜਿਮਨਾਸਟਿਕ ਖੇਡਾਂ ਵਿੱਚ ਬਲਾਕ ਪੱਧਰ ਤੇ ਪਹਿਲੀ, ਦੂਜੀ ਅਤੇ ਤੀਜੀ ਪੁਜ਼ੀਸ਼ਨ ਹਾਸਲ ਕਰਨ ਵਾਲੇ 3 ਲੜਕੇ ਅਤੇ 3 ਲੜਕੀਆਂ ਲਾਭ ਲੈਣ ਦੇ ਯੋਗ ਹਨ।
3. ਜਿਹੜੇ ਖਿਡਾਰੀ ਵਿਦਿਆਰਥੀ ਪੰਜਵੀਂ ਜਮਾਤ ਵਿੱਚ ਬਲਾਕ ਪੱਧਰ ਤੇ ਖੇਡਦੇ ਹਨ, ਨੂੰ 3 ਸਾਲਾਂ ਲਈ (6ਵੀਂ ਤੋਂ 8ਵੀਂ),ਜਿਹੜੇ 8ਵੀਂ ਜਮਾਤ ਵਿੱਚ ਪੜ੍ਹਦੇ ਹਨ, ਨੂੰ 2 ਸਾਲਾਂ ਲਈ (9ਵੀਂ ਅਤੇ 10ਵੀਂ) , ਅਤੇ ਜਿਹੜੇ ਖਿਡਾਰੀ ਵਿਦਿਆਰਥੀ 10ਵੀਂ ਵਿੱਚ ਖੇਡਦੇ ਹਨ, ਨੂੰ 2 ਸਾਲਾਂ ਲਈ (11ਵੀਂ ਅਤੇ 12ਵੀਂ ਜਮਾਤ) ਲਈ ਅਵਾਰਡ ਦੀ ਰਾਸ਼ੀ ਲੈਣ ਦੇ ਯੋਗ ਹਨ।
4. ਇਸ ਸਕੀਮ ਅਧੀਨ ਕੋਈ ਆਮਦਨ ਹੱਦ ਨਿਸ਼ਚਿਤ ਨਹੀਂ ਹੈ।

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ <u>http://www.ssapunjab.org/scholarships/</u> ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਯੋਗ ਵਿਦਿਆਰਥੀਆਂ ਦੀ ਤਜਵੀਜ ਦਸਤੀ ਤੌਰ ਤੇ ਮੁੱਖ ਦਫਤਰ ਨੂੰ ਭੇਜੀਆਂ ਜਾਂਦੀਆਂ ਹਨ।

4) **<u>ਅਨੁਸੂਚਿਤ ਜਾਤੀ ਦੀਆਂ ਪੋਸਟ ਮੈਟ੍ਰਿਕ ਜਮਾਤਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ ਵਿਸ਼ੇਸ਼ ਵਿੱਤੀ ਸਹਾਇਤਾ ਦੇਣ ਦੀ ਸਕੀਮ</u>**
**<u>(Special Grant to SC Girls)</u>**

| ਜਮਾਤ | ਵਿੱਤੀ ਸਹਾਇਤਾ |
|---|---|
| 11ਵੀਂ ਅਤੇ 12ਵੀਂ | 50/-ਰੁ : ਪ੍ਰਤੀ ਮਹੀਨਾ<br>6000/- ਰੁ: ਸਾਲਾਨਾ |

**ਯੋਗਤਾ:-**

1. ਵਿਦਿਆਰਥਣ ਪੰਜਾਬ ਰਾਜ ਵੱਲੋਂ ਘੋਸ਼ਿਤ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੀ ਹੋਵੇ ਅਤੇ ਪੰਜਾਬ ਰਾਜ ਦੀ ਪੱਕੀ ਵਸਨੀਕ ਹੋਵੇ।
2. ਇਸ ਸਕੀਮ ਅਧੀਨ ਉਹ ਵਿਦਿਆਰਥੀ ਹੀ ਲਾਭ ਲੈ ਸਕਦੇ ਹਨ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਹੱਦ 60,965/- ਰੁ: ਤੋਂ ਵੱਧ ਨਾ ਹੋਵੇ।

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ <u>http://www.ssapunjab.org/scholarships/</u> ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਯੋਗ ਵਿਦਿਆਰਥੀਆਂ ਦੀ ਤਜਵੀਜ ਦਸਤੀ ਤੌਰ ਤੇ ਮੁੱਖ ਦਫਤਰ ਨੂੰ ਭੇਜੀਆਂ ਜਾਂਦੀਆਂ ਹਨ।

## 5) ਡੀਨੋਟੀਫਾਈਡ ਟਰਾਈਬਜ਼ (ਵਿਮੁਕਤ ਜਾਤੀਆਂ) ਲਈ ਵਜੀਫਾ ਸਕੀਮ (Scholarship Scheme for Denotified Tribes)

| ਜਮਾਤ | ਵਿੱਤੀ ਸਹਾਇਤਾ | | |
|---|---|---|---|
| | ਪੱਧਰ | ਡੇ-ਸਕਾਲਰ (ਪ੍ਰਤੀ ਮਹੀਨਾ) | ਹੋਸਟਲਰ (ਪ੍ਰਤੀ ਮਹੀਨਾ) |
| 1 ਤੋਂ 12ਵੀਂ | ਪ੍ਰਾਇਮਰੀ (1 ਤੋਂ 5ਵੀਂ) | 30/- ਰੁ: | 134/- ਰੁ: |
| | ਮਿਡਲ (6ਵੀਂ ਤੋਂ 8ਵੀਂ) | 40/- ਰੁ: | 195/- ਰੁ: |
| | ਹਾਈ/ਸੀਨੀਅਰ ਸੈਕੰਡਰੀ (9ਵੀਂ ਤੋਂ 12ਵੀਂ) | 63/- ਰੁ: | 236/- ਰੁ: |

**ਯੋਗਤਾ:-**

1. ਵਿਦਿਆਰਥੀ ਡੀਨੋਟੀਫਾਈਡ ਟਰਾਈਬਜ਼ (ਵਿਮੁਕਤ ਜਾਤੀ) ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।
2. ਇਸ ਸਕੀਮ ਅਧੀਨ ਉਹ ਵਿਦਿਆਰਥੀ ਹੀ ਲਾਭ ਲੈ ਸਕਦੇ ਹਨ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਹੱਦ 50,000/- ਰੁ: ਤੋਂ ਵੱਧ ਨਾ ਹੋਵੇ।

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ http://epunjabschool.gov.in/ ਤੇ ਅਪਲਾਈ ਕੀਤਾ ਜਾ ਸਕਦਾ ਹੈ।

6) **<u>ਅਨੁਸੂਚਿਤ ਜਾਤੀਆਂ ਦੇ 1 ਤੋਂ 10ਵੀਂ ਜਮਾਤ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਮੁਫਤ ਪੁਸਤਕਾਂ ਸਪਲਾਈ ਕਰਨ ਦੀ ਸਕੀਮ।</u>**
**(Free Text Books Scheme to SC Students Studying in 1st to 10th Class)**

| ਜਮਾਤ | ਵਿੱਤੀ ਸਹਾਇਤਾ |
|---|---|
| 1 ਤੋਂ 10ਵੀਂ | 1 ਤੋਂ 10ਵੀਂ ਜਮਾਤ ਦੀਆਂ ਵਿਸ਼ਾ ਵਾਰ ਅਤੇ ਜਮਾਤ ਵਾਰ ਮੁਫਤ ਪਾਠ-ਪੁਸਤਕਾਂ ਦਾ ਪੂਰਾ ਸੈਂਟ ਵਿੱਤੀ ਸਹਾਇਤਾ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ। |

**ਯੋਗਤਾ:-**

1. ਵਿਦਿਆਰਥੀ ਪੰਜਾਬ ਰਾਜ ਵੱਲੋਂ ਘੋਸ਼ਿਤ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।
2. ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਵਾਲੇ ਸਰਕਾਰੀ ਅਤੇ ਸਰਕਾਰੀ ਮਾਨਤਾ ਪ੍ਰਾਪਤ ਸਕੂਲ ਵਿੱਚ 1 ਤੋਂ 10ਵੀਂ ਜਮਾਤ ਵਿੱਚ ਪੜ੍ਹਦਾ ਹੋਵੇ।

7) **<u>ਐਸ.ਸੀ.ਏ. (ਐਸ)-7 ਅਨੁਸੂਚਿਤ ਜਾਤੀ ਦੀਆਂ ਲੜਕੀਆਂ ਨੂੰ +2 ਦੀ ਪੜ੍ਹਾਈ ਲਈ ਉਤਸਾਹਿਤ ਕਰਨ ਵਜੋਂ ਇਨਾਮ ਦੇਣ ਦੀ ਸਕੀਮ</u>**
**(Encouragement Award to SC Girls)**

| ਜਮਾਤ | ਵਿੱਤੀ ਸਹਾਇਤਾ |
|---|---|
| 11ਵੀਂ ਅਤੇ 12ਵੀਂ | ਇਸ ਸਕੀਮ ਅਧੀਨ 11ਵੀਂ ਅਤੇ 12ਵੀਂ ਜਮਾਤਾਂ ਵਿੱਚ ਦਾਖਲੇ ਸਮੇਂ ਇਨਾਮ ਵਜੋਂ 3000/- ਰੁ: ਸਾਲਾਨਾ ਰਾਸ਼ੀ ਅਦਾ ਕੀਤੇ ਜਾਣ ਦਾ ਉਪਬੰਧ ਹੈ। |

**ਯੋਗਤਾ:-**

1. ਵਿਦਿਆਰਥਣ ਪੰਜਾਬ ਰਾਜ ਵੱਲੋਂ ਘੋਸ਼ਿਤ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੀ ਹੋਵੇ ਅਤੇ ਪੰਜਾਬ ਰਾਜ ਦੀ ਪੱਕੀ ਵਸਨੀਕ ਹੋਵੇ।
2. ਇਸ ਸਕੀਮ ਅਧੀਨ ਅਨੁਸੂਚਿਤ ਜਾਤੀ ਨਾਲ ਸਬੰਧਤ ਉਹ ਲੜਕੀਆਂ ਵਜੀਫਾ ਲੈਣ ਦੇ ਯੋਗ ਹਨ, ਜਿਨ੍ਹਾਂ ਦੇ ਮਾਪੇ/ਸਰਪ੍ਰਸਤ ਆਮਦਨ ਕਰ ਦਾਤਾ ਨਹੀਂ ਹਨ।

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਯੋਗ ਵਿਦਿਆਰਥੀਆਂ ਦੀ ਤਜਵੀਜ ਦਸਤੀ ਤੌਰ ਤੇ ਮੁੱਖ ਦਫਤਰ ਨੂੰ ਭੇਜੀਆਂ ਜਾਂਦੀਆਂ ਹਨ।

## (ਅ) ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਰਾਜ ਪੱਧਰੀ ਵਜੀਫਾ ਸਕੀਮਾਂ:-

### 1) ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀਆਂ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਨੂੰ ਹਾਜਰੀ ਵਜੀਫਾ ਦੇਣ ਦੀ ਸਕੀਮ (Attendance Scholarship for Economically Weaker BC Girl Students)

| ਜਮਾਤ | ਵਿੱਤੀ ਸਹਾਇਤਾ |
|---|---|
| 1 ਤੋਂ 5ਵੀਂ | 50/- ਰੁ: ਪ੍ਰਤੀ ਮਹੀਨਾ<br>50×10=500/- ਰੁ: (10 ਮਹੀਨਿਆਂ ਲਈ) |

**ਯੋਗਤਾ:-**

1. ਇਸ ਸਕੀਮ ਅਧੀਨ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀਆ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਨੂੰ ਹਾਜਰੀ ਵਜੀਫਾ ਦਿੱਤਾ ਜਾਂਦਾ ਹੈ।
2. ਵਿਦਿਆਰਥਣ ਪੱਛੜੀਆਂ ਸ਼੍ਰੇਣੀਆਂ ਜਾਂ ਆਰਥਿਕ ਤੌਰ ਤੇ ਕਮਜੋਰ ਪਰਿਵਾਰ ਨਾਲ ਸਬੰਧ ਰੱਖਦੀ ਹੋਵੇ ਅਤੇ ਪੰਜਾਬ ਰਾਜ ਦੀ ਪੱਕੀ ਵਸਨੀਕ ਹੋਵੇ।
3. ਵਿਦਿਆਰਥਣ ਦੇ ਮਾਪਿਆਂ/ਸਰਪ੍ਰਸਤ ਦੀ ਸਾਲਾਨਾ ਆਮਦਨ 1.00 ਲੱਖ ਰੁ: ਤੋਂ ਵੱਧ ਨਾ ਹੋਵੇ।
4. ਵਿਦਿਆਰਥਣ ਦੇ ਮਾਪਿਆਂ ਪਾਸ ਪੰਜ ਏਕੜ ਤੋਂ ਵੱਧ ਵਾਹੀ ਯੋਗ ਜਮੀਨ ਨਾ ਹੋਵੇ।
5. ਵਿਦਿਆਰਥਣ ਦੀ ਹਾਜਰੀ ਘੱਟੋ-ਘੱਟ 75% ਹੋਵੇ।

**ਵਰਕ ਫਲੋ:-**

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ http://www.ssapunjab.org/scholarships/ ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ http://epunjabschool.gov.in/ ਤੇ ਅਪਲਾਈ ਕੀਤਾ ਜਾ ਸਕਦਾ ਹੈ।

(ੲ) ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਭਲਾਈ ਲਈ ਰਾਜ ਪੱਧਰੀ ਵਜੀਫਾ ਸਕੀਮਾਂ:-

(1) <u>ਪ੍ਰਮੋਸ਼ਨ ਆਫ ਐਜੂਕੇਸ਼ਨ ਅਮੰਗ ਐਜੂਕੇਸ਼ਨਲ ਬੈਕਵਰਡ ਕਲਾਸਿਜ਼ (ਰਾਜ ਵਿਦਿਅਕ ਭਲਾਈ ਸਕੀਮ)</u>
**<u>(Promotion of Education among Educationally Backward Classes)</u>**

| ਜਮਾਤ | ਵਿੱਤੀ ਸਹਾਇਤਾ | |
|---|---|---|
| | ਕੈਟਾਗਰੀ | ਵਜੀਫੇ ਦੀ ਰਾਸ਼ੀ(ਪ੍ਰਤੀ ਮਹੀਨਾ) |
| 6ਵੀਂ ਤੋਂ 8ਵੀਂ | ਐਸ.ਸੀ/ਬੀ.ਸੀ ਲੜਕੇ | 30/- ਰੁ: |
| | ਐਸ.ਸੀ/ਬੀ.ਸੀ ਲੜਕੀਆਂ | 40/- ਰੁ: |
| ਨੋਟ:- ਜੇਕਰ ਕੋਈ ਵਿਦਿਆਰਥੀ ਇੱਕ ਜਮਾਤ ਵਿੱਚ ਫੇਲ ਹੋ ਜਾਂਦਾ ਹੈ, ਤਾਂ ਉਸ ਨੂੰ ਅਗਲੇ ਸਾਲ ਉਸ ਜਮਾਤ ਦਾ ਵਜੀਫਾ ਨਹੀਂ ਦਿੱਤਾ ਜਾਣਾ। | | |

ਯੋਗਤਾ:-

1. ਵਿਦਿਆਰਥੀ ਪੰਜਾਬ ਰਾਜ ਵੱਲੋਂ ਘੋਸ਼ਿਤ ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ।
2. ਐਸ.ਸੀ ਵਿਦਿਆਰਥੀਆਂ ਦੇ ਮਾਪਿਆਂ ਦੀ ਸਾਲਾਨਾ ਆਮਦਨ 50,000/- ਰੁ: ਤੋਂ ਵੱਧ ਨਾ ਹੋਵੇ ਅਤੇ ਬੀ.ਸੀ ਵਿਦਿਆਰਥੀਆਂ ਦੇ ਮਾਪਿਆਂ ਦੀ ਸਾਲਾਨਾ ਆਮਦਨ 24,000/- ਰੁ: ਤੋਂ ਵੱਧ ਨਾ ਹੋਵੇ।
3. ਇਹ ਵਿਦਿਆਰਥੀ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਕਿਸੇ ਹੋਰ ਵਿੱਚ ਲਾਭ ਨਹੀਂ ਲੈ ਸਕਦੇ।

ਵਰਕ ਫਲੋ:-

- ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਾਪਤ ਲੋੜੀਂਦੀਆਂ ਹਦਾਇਤਾਂ ਜੋ ਕਿ ਐਸ.ਐਸ.ਏ ਪੰਜਾਬ ਦੀ ਵੈਬਸਾਇਟ <u>http://www.ssapunjab.org/scholarships/</u> ਲਿੰਕ ਤੇ ਉਪਲਬਧ ਹਨ, ਨੂੰ ਧਿਆਨ ਵਿੱਚ ਰੱਖਦਿਆਂ <u>http://epunjabschool.gov.in/</u> ਤੇ ਅਪਲਾਈ ਕੀਤਾ ਜਾ ਸਕਦਾ ਹੈ।

(2) <u>ਪ੍ਰੀਖਿਆ ਫੀਸਾਂ ਦੀ ਪ੍ਰਤੀਪੂਰਤੀ</u>
**<u>(Reimbursement of Examination Fees)</u>**

- **ਰਾਜ ਵਿਦਿਅਕ ਭਲਾਈ ਸਕੀਮ ਆਉਂਦੇ ਦਸਵੀਂ ਜਮਾਤ ਦੇ ਐਸ.ਸੀ/ਬੀ.ਸੀ ਵਿਦਿਆਰਥੀਆਂ ਦੀ ਪ੍ਰੀਖਿਆ ਫੀਸਾਂ ਦੀ ਪ੍ਰਤੀਪੂਰਤੀ**

| ਜਮਾਤ | ਵਿੱਤੀ ਸਹਾਇਤਾ |
|---|---|
| 10 ਵੀਂ | ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਜਾਂਦੀ 10ਵੀਂ ਜਮਾਤ ਦੀ ਬਣਦੀ ਪ੍ਰੀਖਿਆ ਫੀਸਾਂ ਦੀ ਪ੍ਰਤੀ ਪੂਰਤੀ ਕੀਤੀ ਜਾਂਦੀ ਹੈ।ਪ੍ਰੀਖਿਆ ਫੀਸਾਂ ਦੀ ਪ੍ਰਤੀਪੂਰਤੀ ਸਿੱਖਿਆ ਵਿਭਾਗ ਰਾਹੀਂ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਕੀਤੀ ਜਾਂਦੀ ਹੈ। |

**ਯੋਗਤਾ:-**

ਰਾਜ ਵਿਦਿਅਕ ਭਲਾਈ ਸਕੀਮ ਵਿੱਚ ਕਵਰ ਕੀਤੇ ਜਾਣ ਵਾਲੇ

1. ਐਸ.ਸੀ ਵਿਦਿਆਰਥੀ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 50,000/-ਰੁ: ਤੋਂ ਵੱਧ ਨਾ ਹੋਵੇ ਅਤੇ
2. ਬੀ.ਸੀ/ਓ.ਬੀ.ਸੀ ਵਿਦਿਆਰਥੀ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 24,000/-ਰੁ: ਤੋਂ ਵੱਧ ਨਾ ਹੋਵੇ।

# ਰਾਜ ਸਰਕਾਰ ਵੱਲੋਂ ਦਫਤਰ ਸਿੱਖਿਆ ਵਿਭਾਗ ਵਿਖੇ ਚੱਲ ਰਹੀਆਂ ਸਕੀਮਾਂ

## 1) ਡਾ. ਹਰਗੋਬਿੰਦ ਖੁਰਾਨਾ ਸਕਾਲਰਸ਼ਿਪ ਸਕੀਮ ਫਾਰ ਬ੍ਰਿਲੀਐਂਟ ਸਟੂਡੈਂਟਸ (Dr. Hargobind Khurana Scholarship Scheme for Brilliant Students)

| ਜਮਾਤ | ਵਿੱਤੀ ਸਹਾਇਤਾ |
|---|---|
| 10ਵੀਂ | 2500/- ਰੁ: ਪ੍ਰਤੀ ਮਹੀਨਾ<br>30,000/- ਰੁ: ਪ੍ਰਤੀ ਸਾਲ |

**ਯੋਗਤਾ:-**

1. ਇਸ ਸਕੀਮ ਅਧੀਨ ਜਿਹੜੇ ਵਿਦਿਆਰਥੀ ਰਾਜ ਸਰਕਾਰ ਦੇ ਸਰਕਾਰੀ ਸਕੂਲਾਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਚਲਾਏ ਜਾ ਰਹੇ ਆਦਰਸ਼ ਸਕੂਲਾਂਜਿਹੜੇ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਰਾਹੀਂ ਐਫੀਲੇਟਿਡ ਹਨ ਅਤੇ ਜਿਨ੍ਹਾਂ ਨੇ 10ਵੀਂ ਦੀ ਪ੍ਰੀਖਿਆ ਵਿੱਚੋਂ 80% ਅਤੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ,ਨੂੰ 30,000/- ਰੁ: ਪ੍ਰਤੀ ਸਾਲ (2500/- ਰੁ: ਪ੍ਰਤੀ ਮਹੀਨਾ ਦੀ ਦਰ ਨਾਲ ਮਹੀਨਾਵਾਰ), ਅਗਲੇਰੀ ਦੋ ਸਾਲਾਂ ਦੀ ਪੜ੍ਹਾਈ ਜਾਰੀ ਰੱਖਣ ਤੇ ਵਜੀਫਾ ਲੈਣ ਦੇ ਯੋਗ ਹਨ।
2. ਇਸ ਸਕੀਮ ਅਧੀਨ ਕੋਈ ਆਮਦਨ ਹੱਦ ਨਿਸ਼ਚਿਤ ਨਹੀਂ ਹੈ।

2) **ਪੰਜਾਬ ਰਾਜ ਨਿਪੁੰਨਤਾ ਖੋਜ ਸਕੀਮ**

**(Punjab State Talent Search Exam)**

| ਜਮਾਤ | ਵਿੱਤੀ ਸਹਾਇਤਾ |
|---|---|
| 8ਵੀ ਅਤੇ 10ਵੀ ਜਮਾਤ ਵਿੱਚ ਪੜ੍ਹਦੇ ਹੋਣਹਾਰ ਵਿਦਿਆਰਥੀ | 200/-ਰੁ: ਪ੍ਰਤੀ ਮਹੀਨਾ<br>ਇਸ ਸਕੀਮ ਅਧੀਨ 8ਵੀਂ ਜਮਾਤ ਦੇ 500 ਅਤੇ 10ਵੀਂ ਜਮਾਤ 500 ਵਿਦਿਆਰਥੀਆਂ ਨੂੰ ਵਜੀਫਾ ਦੇਣ ਦਾ ਟੀਚਾ ਹੈ। |

**ਯੋਗਤਾ:-**

8ਵੀ ਸ੍ਰੇਣੀ ਦੀ ਪ੍ਰੀਖਿਆ ਵਿੱਚ ਉਹ ਵਿਦਿਆਰਥੀ ਹੀ ਬੈਠ ਸਕਦੇ ਹਨ ਜਿੰਨਾ ਨੇ 7ਵੀ ਸ੍ਰੇਣੀ ਦੀ ਪ੍ਰੀਖਿਆ ਵਿੱਚ ਘੱਟੋ-ਘੱਟ 55%ਅੰਕ (ਜਨਰਲ ਕੈਟਾਗਿਰੀ ਲਈ) ਅਤੇ 50% ਅੰਕ (ਰਾਖਵੀਂਆਂ ਸ੍ਰੇਣੀਆਂ ਲਈ) ਪ੍ਰਾਪਤ ਕੀਤੇ ਹੋਣ, ਇਸੇ ਤਰ੍ਹਾਂ 10ਵੀ ਸ੍ਰੇਣੀ ਦੀ ਪ੍ਰੀਖਿਆ ਵਿੱਚ ਉਹ ਵਿਦਿਆਰਥੀ ਹੀ ਬੈਠ ਸਕਦੇ ਹਨ ਜਿੰਨਾ ਨੇ 9ਵੀ ਸ੍ਰੇਣੀ ਦੀ ਸਾਲਾਨਾ ਪ੍ਰੀਖਿਆ ਵਿੱਚ ਘੱਟੋ-ਘੱਟ 55%ਅੰਕ (ਜਨਰਲ ਕੈਟਾਗਿਰੀ ਲਈ) ਅਤੇ 50% ਅੰਕ (ਰਾਖਵੀਂਆਂ ਸ੍ਰੇਣੀਆਂ ਲਈ) ਪ੍ਰਾਪਤ ਕੀਤੇ ਹੋਣ।

ਕੋਈ ਵੀ ਵਜੀਫਾ ਪ੍ਰਾਪਤ ਕਰਨ ਵਾਲਾ/ਵਾਲੀ ਉਮੀਦਵਾਰ ਵਜੀਫਾ ਪਾਪਤ ਕਰਨ ਲਈ ਤਾਂ ਹੀ ਯੋਗ ਹੈ ਜੇਕਰ:-

1. +2 ਤੱਕ ਦੀ ਪੜ੍ਹਾਈ ਲਗਾਤਾਰ ਕਰਦਾ/ਕਰਦੀ ਹੈ।
2. ਉਸ ਸੰਸਥਾ ਦਾ ਮੁੱਖੀ ਇਹ ਪ੍ਰਮਾਣਿਤ ਕਰੇ ਕਿ ਉਸ ਨੇ ਚੰਗਾ ਵਿਵਹਾਰ ਬਣਾਇਆ ਹੋਇਆ ਹੈ ਅਤੇ ਉਹ ਆਪਣੀ ਪੜ੍ਹਾਈ ਰੈਗੂਲਰ ਰੱਖਦਾ /ਰੱਖਦੀ ਹੈ।
3. ਉਹ ਅਧਿਕਾਰਿਤ ਛੁੱਟੀਆਂ ਤੋਂ ਜਿਆਦਾ ਸਮਾਂ ਗੈਰ ਹਾਜਰ ਨਹੀ ਹੁੰਦਾ/ ਹੁੰਦੀ।
4. ਉਹ ਕੋਈ ਨੌਕਰੀ ਨਹੀ ਕਰ ਰਿਹਾ/ ਰਹੀ।

**ਚੋਣ ਵਿਧੀ:-**

ਇਸ ਸਕੀਮ ਅਧੀਨ ਹਰ ਸਾਲ ਰਾਜ ਸਾਇੰਸ ਸਿੱਖਿਆ ਸੰਸਥਾ(SISE)ਪੰਜਾਬ, ਰਾਜ ਵਿਦਿਅਕ ਖੋਜ ਅਤੇ ਸਖਲਾਈ ਪ੍ਰੀਸਦ (SCERT) ਪੰਜਾਬ ਵੱਲੋ 8ਵੀ ਅਤੇ 10ਵੀ ਸ੍ਰੇਣੀ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਵਜੀਫੇ ਲਈ ਚੁਣਨ ਲਈ ਪ੍ਰੀਖਿਆ ਲਈ ਜਾਂਦੀ ਹੈ। ਇਸ ਪ੍ਰੀਖਿਆ ਵਿੱਚ ਪ੍ਰਾਪਤ ਅੰਕਾ ਦੇ ਆਧਾਰ ਤੇ ਹੀ ਵਜੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਮੈਰਿਟ ਨਿਰਧਾਰਿਤ ਕੀਤੀ ਜਾਂਦੀ ਹੈ। ਜਿਸ ਲਈ ਜਨਰਲ ਸ੍ਰੇਣੀ ਦੇ ਵਿਦਿਆਰਥੀਆਂ ਨੂੰ ਘੱਟੋ-ਘੱਟ 40% ਅਤੇ ਰਾਖਵੀਂਆਂ ਸ੍ਰੇਣੀ ਦੇ ਵਿਦਿਆਰਥੀਆਂ ਨੂੰ ਘੱਟੋ-ਘੱਟ 32% ਅੰਕ ਪ੍ਰਾਪਤ ਕਰਨੇ ਜਰੂਰੀ ਹਨ।

**ਵਿਸੇਸ:-**

ਇਸ ਸਕੀਮ ਅਧੀਨ ਵਜੀਫਾ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਜੇਕਰ ਕਿਸੇ ਹੋਰ ਸਕੀਮ ਅਧੀਨ ਵਜੀਫਾ ਪ੍ਰਾਪਤ ਕਰ ਰਿਹਾ ਹੋਵੇ ਤਾਂ ਉਹ ਵਜੀਫੇ ਦੇ ਨਾਲ-ਨਾਲ ਦੂਸਰੀ ਸਕੀਮ ਅਧੀਨ ਵਜੀਫਾ ਪ੍ਰਾਪਤ ਕਰਨ ਦਾ ਵੀ ਹੱਕਦਾਰ ਹੋਵੇਗਾ ਪ੍ਰੰਤੂ ਜਿਹੜੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਕੌਮੀ ਯੋਗਤਾ ਖੋਜ ਪ੍ਰੀਖਿਆ (NTSE)ਅਧੀਨ ਵਜੀਫੇ ਲਈ ਚੁਣੇ ਜਾਂਦੇ ਹਨ ਉਹਨਾਂ ਨੂੰ ਇਸ ਸਕੀਮ ਅਧੀਨ ਨਹੀ ਵਿਚਾਰਿਆ ਜਾਵੇਗਾ। ਇਸ ਦੇ ਇਵਜ ਵਿੱਚ ਉਹਨਾਂ ਨੂੰ 1000/- ਰੁ: ਦੀ ਰਾਸ਼ੀ ਉੱਕਾ ਪੁੱਕਾ ਦਿੱਤੀ ਜਾਂਦੀ ਹੈ।

3) ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੀ 125ਵੀਂ ਜਨਮ ਸ਼ਤਾਬਦੀ ਤੇ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਨਵੀਂ ਵਜ਼ੀਫਾ ਸਕੀਮ (ਇਹ ਸਕੀਮ ਅਜੇ ਕਾਰਵਾਈ ਅਧੀਨ ਹੈ।)
ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਵਜੀਫਾ ਸਕੀਮ (ਸਾਲ 2016-17 ਤੋਂ)

**(Baba Sahib Dr. Bheem Rao Ambedkar Scholarship Scheme)**

| ਜਮਾਤ | ਵਿੱਤੀ ਸਹਾਇਤਾ | |
|---|---|---|
| | ਕੁੱਲ ਵਿਦਿਆਰਥੀ | ਪ੍ਰਤੀ ਵਿਦਿਆਰਥੀ ਦਿੱਤੀ ਜਾਣ ਵਾਲੀ ਰਾਸ਼ੀ |
| 10ਵੀਂ | 250 (125 ਲੜਕੀਆਂ + 125ਲੜਕੇ) | 1,00,000/-ਰੁ:(ਇੱਕ ਲੱਖ) |
| 12ਵੀਂ | 250 (125 ਲੜਕੀਆਂ + 125ਲੜਕੇ) | 1,50,000/- ਰੁ:(ਡੇਢ ਲੱਖ) |

ਯੋਗਤਾ:-

ਸਰਕਾਰੀ ਸਕੂਲਾਂ ਦੇ 10ਵੀਂ ਅਤੇ 12ਵੀਂ ਕਲਾਸ ਦੇ ਕ੍ਰਮਵਾਰ 250-250 ਵਿਦਿਆਰਥੀ ( 125 ਮੁੰਡੇ ਅਤੇ 125 ਕੁੜੀਆਂ) ਵਜੀਫਾ ਲੈਣ ਦੇ ਯੋਗ ਹਨ, ਜਿਨ੍ਹਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ 10ਵੀਂ ਅਤੇ 12ਵੀਂ ਕਲਾਸ ਵਿੱਚ ਟਾਪ ਕੀਤਾ ਹੋਵੇ।

- 10ਵੀਂ ਜਮਾਤ-ਟਾਪ 125 ਲੜਕੀਆਂ + 125 ਲੜਕੇ
- 12ਵੀਂ ਜਮਾਤ-ਟਾਪ 125 ਲੜਕੀਆਂ + 125 ਲੜਕੇ

4) ਪੰਜਾਬ ਬਿਲਡਿੰਗ ਐਂਡ ਅਦਰ ਕੰਨਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਪੰਜੀਕ੍ਰਿਤ ਉਸਾਰੀ ਲਾਭਪਾਤਰੀਆਂ ਦੇ ਬੱਚਿਆਂ ਨੂੰ ਪੜ੍ਹਾਈ ਦੌਰਾਨ ਵਜੀਫੇ ਦੇਣ ਬਾਰੇ ਸਕੀਮ

| ਜਮਾਤ | ਵਿੱਤੀ ਸਹਾਇਤਾ | | | |
|---|---|---|---|---|
| 1 ਤੋਂ 12ਵੀਂ | ਕਲਾਸ | ਵਜੀਫੇ ਦੀ ਦਰ | ਵਰਦੀ / ਸਿੱਖਿਆ ਭੱਤਾ (ਕਿਤਾਬਾਂ ਅਤੇ ਸਟੇਸ਼ਨਰੀ ਭੱਤਾ) | |
| | 1 ਤੋਂ 5ਵੀਂ | 2000/- ਰੁ: ਪ੍ਰਤੀ ਸਾਲ | 800/- ਰੁ: ਪ੍ਰਤੀ ਸਾਲ | ਵਰਦੀ ਭੱਤਾ |
| | 6 ਤੋਂ 8ਵੀਂ | 3000/- ਰੁ: ਪ੍ਰਤੀ ਸਾਲ | 1000/- ਰੁ: ਪ੍ਰਤੀ ਸਾਲ | ਵਰਦੀ ਭੱਤਾ |
| | 9ਵੀਂ ਤੋਂ 12ਵੀਂ | 5000/- ਰੁ: ਪ੍ਰਤੀ ਸਾਲ | 1000/- ਰੁ: ਪ੍ਰਤੀ ਸਾਲ | ਵਰਦੀ ਭੱਤਾ |

ਯੋਗਤਾ:-

1. ਪੰਜੀਕ੍ਰਿਤ ਲਾਭਪਾਤਰੀ ਦੇ ਬੱਚਿਆਂ ਨੂੰ ਹੀ ਵਜੀਫਾ/ਵਰਦੀ ਅਤੇ ਸਿੱਖਿਆ ਭੱਤਾ ਸਕੀਮ ਦਾ ਲਾਭ ਦਿੱਤਾ ਜਾਵੇਗਾ।
2. ਲਾਭਪਾਤਰੀ ਨੂੰ ਖੁਦ ਵੀ ਪ੍ਰਵਾਨਤ ਸੰਸਥਾ/ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਵਜੀਫਾ/ਵਰਦੀ ਅਤੇ ਸਿੱਖਿਆ ਭੱਤਾ ਦਿੱਤਾ ਜਾਵੇਗਾ।
3. ਪਿਛਲੀ ਕਲਾਸਾਂ ਵਿੱਚ ਫੇਲ ਹੋਏ ਕੇਸਾਂ ਵਿੱਚ ਵਜੀਫੇ/ ਵਰਦੀ ਅਤੇ ਸਿੱਖਿਆ ਭੱਤਾ ਮੰਜੂਰ ਨਹੀਂ ਕੀਤੇ ਜਾਣਗੇ।
4. ਜੇਕਰ ਲਾਭਪਾਤਰੀ ਨੂੰ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ਸੰਸਥਾ ਤੋਂ ਲਾਭ ਮਿਲ ਰਿਹਾ ਹੋਵੇ ਤਾਂ ਵੀ ਉਸ ਨੂੰ ਬੋਰਡ ਵੱਲੋਂ ਇਸ ਸਕੀਮ ਦਾ ਲਾਭ ਦਿੱਤਾ ਜਾਵੇਗਾ।

❖ **ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ 10+2 ਪਾਸ ਕਰਨ ਉਪਰੰਤ ਭਾਰਤ ਸਰਕਾਰ/ਰਾਜ ਸਰਕਾਰ/ਸੰਸਥਾਵਾਂ/ਯੂਨੀਵਰਸਿਟੀਆਂ ਅਤੇ ਐਨ.ਜੀ.ਓਜ਼ ਵੱਲੋਂ ਦਿੱਤੇ ਜਾਣ ਵਾਲੇ ਵਜੀਫੇ ਅਤੇ ਸਕੀਮਾਂ**

| ਲੜੀ ਨੰ: | ਪ੍ਰੀਖਿਆ | ਵਜੀਫਾ ਦੇਣ ਵਾਲੀ ਸੰਸਥਾ ਦਾ ਨਾਮ | ਪੱਧਰ/ਸੀਮਾ (ਵਿੱਤੀ ਸਹਾਇਤ) | ਵੇਰਵਾ |
|---|---|---|---|---|
| 1 | +2 (ਸੈਂਟਰਲ ਸੈਕਟਰ ਵਜੀਫੇ) (ਨੈਸ਼ਨਲ ਸਕਾਲਰਸ਼ਿਪ ਪੋਰਟਲ) | ਐਮ.ਐਚ.ਆਰ.ਡੀ (ਨਵੀਂ ਦਿੱਲੀ) | 1) ਡਿਗਰੀ ਪੱਧਰ ਤੱਕ 10,000/- ਰੁ: ਪ੍ਰਤੀ ਸਾਲ<br>2) ਪੋਸਟ ਗਰੈਜੂਏਟ 20,000/- ਰੁ: | ਪੰਜਾਬ ਸਟੇਟ ਨੂੰ 1902 ਵਜੀਫੇ ਅਲਾਟ ਕੀਤੇ ਗਏ ਹਨ। ਯੋਗ ਵਿਦਿਆਰਥੀਆਂਦੀ ਸੂਚੀ ਐਮ.ਐਚ.ਆਰ.ਡੀ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਭੇਜੀ ਜਾਂਦੀ ਹੈ। ਇਹ ਵਜੀਫਾ 80% ਤੋਂ ਉੱਪਰ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪੂਰੇ ਡਿਗਰੀ ਕੋਰਸ ਲਈ ਹਰ ਸਾਲ ਦਿੱਤਾ ਜਾਂਦਾ ਹੈ। |
| 2 | +2 ਸਟੇਟ ਵਜੀਫੇ | ਡੀ.ਪੀ.ਆਈ (ਕਾਲਜ) | ਡਿਗਰੀ ਪੱਧਰ ਤੱਕ 75/- ਰੁ: ਪ੍ਰਤੀ ਮਹੀਨਾ ਪੰਜਾਬ ਸਰਕਾਰ ਵੱਲੋਂ ਆਪਣੇ ਪੱਧਰ ਤੇ ਦਿੱਤਾ ਜਾਂਦਾ ਹੈ। | ਯੋਗ ਵਿਦਿਆਰਥੀਆਂ ਦੀ ਸੂਚੀ ਡੀ.ਪੀ.ਆਈ(ਕਾਲਜ) ਪੰਜਾਬ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਭੇਜ ਦਿੱਤੀ ਜਾਂਦੀ ਹੈ। |
| 3 | ਮੈਟ੍ਰਿਕ ਅਤੇ +2 ਬੋਰਡ ਵਜੀਫੇ | ਪੰਜਾਬ ਸਕੂਲ ਸਿੱਖਿਆ ਬੋਰਡ | 1. ਮੈਟ੍ਰਿਕ 150 ਰੁ: ਪ੍ਰਤੀ ਮਹੀਨਾ ਦੋ ਸਾਲ ਲਈ ਦਿੱਤਾ ਜਾਂਦਾ ਹੈ।<br><br>2. +2, 200 ਰੁ: ਪ੍ਰਤੀ ਮਹੀਨਾ ਇੱਕ ਸਾਲ ਲਈ ਦਿੱਤਾ ਜਾਂਦਾ ਹੈ। | ਯੋਗ ਵਿਦਿਆਰਥੀਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵਜੀਫਾ ਦਿੱਤਾ ਜਾਂਦਾ ਹੈ। |
| 4 | ਐਨ.ਜੀ.ਓਜ | | | |
| | | 1. ਡਾ. | | ਟਾੱਪ ਕਰਨ ਵਾਲੇ ਪਹਿਲੇ ਤਿੰਨ |

| | | | | |
|---|---|---|---|---|
| | | ਅੰਬੇਦਕਰ ਫਾਊਨਡੇਸ਼ਨ (ਨਵੀਂ ਦਿੱਲੀ) | | ਵਿਦਿਆਰਥੀ ਅਤੇ ਉਸਤੋਂ ਉਪਰੰਤ ਤਿੰਨ ਲੜਕੀਆਂ ਚਾਰੋਂ ਗਰੁੱਪ ਭਾਵ ਸਾਇੰਸ ਕਾਮਰਸ ਹਿਊਮੈਨਟੀਜ ਅਤੇ ਵੋਕੇਸ਼ਨਲ ਕੁੱਲ 24 ਵਿਦਿਆਰਥੀ ਦੀ ਸੂਚੀ ਤਿਆਰ ਕਰਕੇ ਡਾ. ਅੰਬੇਦਕਰ ਫਾਊਨਡੇਸ਼ਨ ਨੂੰ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਅਦਾਇਗੀ ਵੀ ਉਨ੍ਹਾਂ ਦੇ ਪੱਧਰ ਤੇ ਹੀ ਕੀਤੀ ਜਾਂਦੀ ਹੈ। |
| | | 2. ਹਿੰਦੂਜਾ ਫਾਊਂਡੇਸ਼ਨ (ਮੁੰਬਈ) | | ਪਹਿਲੇ ਟਾੱਪ ਕਰਨ ਵਾਲੇ 20 ਵਿਦਿਆਰਥੀਆਂ ਦੀ ਸੂਚੀ ਤਿਆਰ ਕਰਕੇ ਹਿੰਦੂਜਾ ਫਾਊਂਡੇਸ਼ਨ ਨੂੰ ਮੁਹੱਈਆ ਕਰਵਾਈ ਜਾਂਦੀ ਹੈ। ਅਤੇ ਇਸ ਦੀ ਅਦਾਇਗੀ ਵੀ ਉਨ੍ਹਾਂ ਦੇ ਪੱਧਰ ਤੇ ਹੀ ਕੀਤੀ ਜਾਂਦੀ ਹੈ। |
| | | 3. ਸ਼ਿਵ ਨਾਦਰ ਯੂਨੀਵਰਸਿਟੀ ਨੋਇਡਾ | | ਪਹਿਲੇ ਟਾੱਪ ਕਰਨ ਵਾਲੇ 50 ਵਿਦਿਆਰਥੀਆਂ ਦੀ ਸੂਚੀ ਤਿਆਰ ਕਰਕੇ ਸ਼ਿਵ ਨਾਦਰ ਯੂਨੀਵਰਸਿਟੀ ਨੋਇਡਾ ਨੂੰ ਮੁਹੱਈਆ ਕਰਵਾਈ ਜਾਂਦੀ ਹੈ। ਅਤੇ ਇਸ ਦੀ ਅਦਾਇਗੀ ਵੀ ਉਨ੍ਹਾਂ ਦੇ ਪੱਧਰ ਤੇ ਹੀ ਕੀਤੀ ਜਾਂਦੀ ਹੈ। |
| 5 | +2 | ਐੱਸ.ਐੱਸ.ਐੱਨ ਕਾਲਜ | | ਪਹਿਲੇ 10 ਟਾੱਪਰ ਦੀ ਸੂਚੀ ਭੇਜੀ ਜਾਂਦੀ ਹੈ, ਜਿਨ੍ਹਾਂ ਵਿਦਿਆਰਥੀਆਂ ਨੇ ਫਿਜਿਕਸ, ਕੈਮਿਸਟਰੀ, ਮੈਥ ਨਾਲ +2 ਪਾਸ ਕੀਤੀ ਹੋਵੇ ਦੀ ਸੂਚੀ ਐੱਸ.ਐੱਸ.ਐੱਨ ਕਾਲਜ ਨੂੰ ਭੇਜੀ ਜਾਂਦੀ ਹੈ। |
| | | | | |
| 6 | +2 | ਬਿਰਲਾ ਇੰਸਟੀਚਿਊਟ | | ਪੰਜਾਬ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ |

| | | | | |
|---|---|---|---|---|
| | | ਆਫ ਟੈਕਨਾਲੋਜੀ ਅਤੇ ਸਾਇੰਸ ਪਿਲਾਨੀ | | ਪ੍ਰੀਖਿਆਰਥੀ ਦਾ ਨਾਮ ਬਿਰਲਾ ਇੰਸਟੀਚਿਊਟ ਆਫ ਟੈਕਨਾਲੋਜੀ ਅਤੇ ਸਾਇੰਸ ਪਿਲਾਨੀ ਨੂੰ ਭੇਜਿਆ ਜਾਂਦਾ ਹੈ। |
| 7 | +2 | ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ | | 12ਵੀਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਯੂਨੀਵਰਸਿਟੀ ਵਿੱਚ ਉਚੇਰੀ ਪੜ੍ਹਾਈ ਲਈ ਦਾਖਲਾ ਲੈਣ ਲਈ ਉਤਸ਼ਾਹਿਤ ਕਰਨ ਲਈ। |

**ਨੋਟ: ਉਪਰੋਕਤ ਟੇਬਲ ਵਿੱਚ ਦਰਸਾਈਆਂ ਸਕੀਮਾਂ ਲਈ ਵਧੇਰੇ ਜਾਣਕਾਰੀ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸੰਪਰਕ ਕੀਤਾ ਜਾਵੇ।**

## ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਹੋਰ ਸੇਵਾਵਾਂ/ਸਹੂਲਤਾਂ

| ਲੜੀ ਨੰ: | ਸੇਵਾ ਦੀ ਕਿਸਮ | ਸੇਵਾ ਦੇ ਵੇਰਵੇ | ਸਮਾਂਬੱਧਤਾ/ ਗੁਣਵੱਤਾ |
|---|---|---|---|
| 1 | ਸਿਹਤ ਸੰਭਾਲ (ਰਾਸ਼ਟਰੀ ਬਾਲ ਸਵਾਸਥ ਕਾਰੀਕ੍ਰਮ (RBSK)) | (ੳ) ਸਕੂਲ ਬੱਚਿਆਂ ਦਾ ਮੈਡੀਕਲ ਚੈੱਕ-ਅਪ ਕੀਤਾ ਜਾਂਦਾ ਹੈ।<br>(ਅ) **(Albendazole)** ਪੇਟ ਦੇ ਕੀੜੇ ਮਾਰਨ ਵਾਲੀਆਂ ਗੋਲੀਆਂ ਦਿੱਤੀਆਂ ਜਾਂਦੀਆਂ ਹਨ।<br>(ੲ) **Folic acid(Wifs)** ਦੀਆਂ ਗੋਲੀਆਂ ਦਿੱਤੀਆਂ ਜਾਂਦੀਆਂ ਹਨ। | (ੳ) ਸਾਲ ਵਿੱਚ ਇੱਕ ਵਾਰ<br>(ਅ) ਸਾਲ ਵਿੱਚ ਦੋ ਵਾਰ<br>(ੲ) ਹਫਤੇ ਵਿੱਚ ਇੱਕ ਵਾਰ |
| 2 | ਦੁਪਹਿਰ ਦਾ ਖਾਣਾ (ਮਿਡ-ਡੇ ਮੀਲ) | ਸੰਤੁਲਿਤ, ਨਰੋਆ ਅਤੇ ਪੋਸ਼ਟਿਕ ਭੋਜਨ 8ਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ, ਨੂੰ ਉਪਲਬਧ ਕਰਵਾਇਆ ਜਾ ਰਿਹਾ ਹੈ। | ਕੰਮ ਕਾਰ ਵਾਲੇ ਦਿਨ ਪ੍ਰਤੀ ਦਿਨ |
| 3 | ਵਰਦੀਆਂ ਦੀ ਮੁਫ਼ਤ ਵੰਡ | ਸਰਕਾਰੀ ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਵਿੱਚ ਪੜ੍ਹਦੇ ਬੀ.ਪੀ.ਐੱਲ/ਐਸ.ਸੀ./ਐਸ.ਟੀ. ਲੜਕਿਆਂ ਨੂੰ ਪੈਂਟ, ਕਮੀਜ਼, ਸਵੈਟਰ, ਟੋਪੀ/ਪਟਕਾ, ਜੁਰਾਬਾਂ ਅਤੇ ਬੂਟਾਂ ਸਹਿਤ ਇੱਕ ਸੈੱਟ ਅਤੇ ਸਾਰੀਆਂ ਲੜਕੀਆਂ ਨੂੰ ਸਲਵਾਰ-ਕਮੀਜ਼, ਦੁਪੱਟਾ, ਸਵੈਟਰ, ਜੁਰਾਬਾਂ ਅਤੇ ਬੂਟਾਂ ਸਹਿਤ ਇੱਕ ਸੈੱਟ। | ਸਾਲ ਵਿੱਚ ਇੱਕ ਵਾਰ |
| 4 | ਮਾਈ ਭਾਗੋ ਵਿਦਿਆ ਸਕੀਮ (ਲੜਕੀਆਂ ਨੂੰ ਸਾਈਕਲਾਂ ਦੀ ਮੁਫਤ ਵੰਡ) | ਮਾਈ ਭਾਗੋ ਵਿਦਿਆ ਸਕੀਮ ਅਧੀਨ ਸਰਕਾਰੀ ਸਕੂਲਾਂ ਵਿੱਚ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ ਪੜ੍ਹ ਰਹੀਆਂ ਲੜਕੀਆਂ ਨੂੰ ਇੱਕ-ਇੱਕ ਸਾਈਕਲ | ਸਾਲ ਵਿੱਚ ਇੱਕ ਵਾਰ* |
| 5 | ਪੰਜਾਬ ਸਵਸਥ ਕੰਨਿਆ ਯੋਜਨਾ (ਸਾਲ 2016-17 ਤੋਂ ਸ਼ੁਰੂ ਕੀਤੀ ਜਾਣੀ ਹੈ) | ਇਸ ਸਕੀਮ ਤਹਿਤ ਸਰਕਾਰੀ ਸਕੂਲਾਂ ਵਿੱਚ ਪਹਿਲੀ ਤੋਂ ਬਾਰਵੀਂ ਜਮਾਤ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਨੂੰ ਸਕੂਲ ਬੈਗਜ਼, ਨੋਟ ਬੁੱਕ, ਜਮੈਟਰੀ ਬਾਕਸ, ਸੈਨੇਟਰੀ ਨੈਪਕਿਨ ਬੋਰਨਵੀਟਾ ਅਤੇ ਫੋਲਿਕ ਏਸਿਡ ਦੀਆਂ ਗੋਲੀਆਂ ਦਿੱਤੀਆਂ ਜਾਣੀਆਂ ਹਨ। | |
| 6 | ਐਜੂਕੇਸ਼ਨ ਫੈਸਿਲੀਟੀਜ ਟੂ ਦਾ ਚਿਲਡਰਨ ਆਫ ਐਸ.ਸੀ ਵਰਕਿੰਗ ਐਜ਼ ਐਗਰੀਕਲਚਰਲ ਲੇਬਰਰਜ (ਸੀਰੀਜ਼) ਸਕੀਮ (ਇਹ ਸਕੀਮ ਅਜੇ ਕਾਰਵਾਈ ਅਧੀਨ ਹੈ।) | ਖੇਤ ਮਜਦੂਰਾਂ ਵਜੋਂ ਕੰਮ ਕਰ ਰਹੇ ਐਸ.ਸੀ ਪਰਿਵਾਰਾਂ ਨਾਲ ਸਬੰਧਤ ਪਹਿਲੀ ਤੋਂ ਅੱਠਵੀਂ ਜਮਾਤ ਦੇ ਸਾਰੇ ਲੜਕੇ ਵਿਦਿਆਰਥੀਆਂ ਨੂੰ ਵਰਦੀ, ਸਕੂਲ ਬੈਗ ਅਤੇ ਸਟੇਸ਼ਨਰੀ ਉਪਲਬਧ ਕਰਵਾਈ ਜਾਵੇਗੀ। | |

*ਸਕੀਮ ਦੀਆਂ ਸ਼ਰਤਾਂ ਅਤੇ ਵਿੱਤ ਦੀ ਉਲਬਧਤਾ ਅਧੀਨ।